# ਕੈਨੇਡਾ ਪੰਜਾਬ ਲਿੰਕ

WEEKLY NEWSPAPER VOL. : 10 ISSUE : 50 SATURDAY, 10 DECEMBER, 2022

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan

SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



Super Visa Insurance
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ

ਜਸਵੀਰ ਗਰੇਵਾਲ
778.317.6262
jasvirgrewal0596@gmail.com


# ਪ੍ਰੀਮੀਅਰ ਏਬੀ ਵਲੋਂ ਨਵੇਂ ਮੰਤਰੀ ਮੰਡਲ ਦਾ ਗਠਨ

## ਨਿੱਕੀ ਸ਼ਰਮਾ, ਰਵੀ ਕਾਹਲੋਂ ਤੇ ਕੈਟਰੀਨ ਕੋਨਰੋਏ ਨੂੰ ਸੌਂਪੇ ਅਹਿਮ ਅਹੁਦੇ


ਨਿੱਕੀ ਸ਼ਰਮਾ


ਰਵੀ ਕਾਹਲੋਂ


ਹੈਰੀ ਬੈਂਸ


ਰਚਨਾ ਸਿੰਘ


ਜਗਰੂਪ ਬਰਾੜ


ਅਮਨਦੀਪ ਸਿੰਘ


ਹਰਵਿੰਦਰ ਸੰਧੂ

ਵਿਕਟੋਰੀਆ-ਪ੍ਰੀਮੀਅਰ ਡੇਵਿਡ ਏਬੀ ਨੇ ਬੁੱਧਵਾਰ ਆਪਣੇ ਨਵੇਂ ਮੰਤਰੀ ਮੰਡਲ ਦਾ ਗਠਨ ਕੀਤਾ ਜਿਸ ਵਿਚ ਔਰਤਾਂ ਅਤੇ ਗੈਰ ਗੋਰੇ ਲੋਕਾਂ ਨੂੰ ਉੱਚ ਪ੍ਰੋਫਾਈਲ ਵਾਲੀਆਂ ਭੂਮਿਕਾਵਾਂ ਦਿੱਤੀਆਂ ਗਈਆਂ ਹਨ ਅਤੇ ਹਾਊਸਿੰਗ ਤੇ ਐਮਰਜੈਂਸੀ ਤਿਆਰੀ ਲਈ ਦੋ ਨਵੇਂ ਮੰਤਰਾਲਿਆਂ ਵਿਚ ਉਭਰਦੇ ਸਿਤਾਰਿਆਂ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਹੁਣ ਸੇਲੀਨਾ ਰੋਬਿਨਸਨ ਦੀ ਥਾਂ ਕੈਟਰੀਨ ਕੋਨਰੋਏ ਨੂੰ ਵਿੱਤ ਮੰਤਰੀ ਬਣਾਇਆ ਗਿਆ ਹੈ। ਨਿੱਕੀ ਸ਼ਰਮਾ ਨਵੀਂ ਅਟਾਰਨੀ ਜਨਰਲ



### ਪੰਜਾਬੀ ਮੂਲ ਦੇ 5 ਮੰਤਰੀ ਤੇ 2 ਪਾਰਲੀਮਾਨੀ ਸੈਕਟਰੀ ਬਣੇ

ਹੋਵੇਗੀ ਅਤੇ ਸੂਬੇ ਦੇ ਚੋਟੀ ਦੇ ਵਕੀਲ ਵਜੋਂ ਕੰਮ ਕਰਨ ਵਾਲੀ ਉਹ ਪਹਿਲੀ ਦੱਖਣੀ ਏਸ਼ੀਅਨ ਔਰਤ ਹੋਵੇਗੀ। ਸ਼ਰਮਾ 2020 ਦੀਆਂ ਚੋਣਾਂ ਵਿਚ ਵੈਨਕੂਵਰ ਤੋਂ ਐਮਐਲਏ ਚੁਣੀ ਗਈ ਸੀ ਅਤੇ ਉਸ ਨੂੰ ਮੂਲਵਾਸੀ ਲੋਕਾਂ ਤੇ ਰੈਜ਼ੀਡੈਂਸ਼ਲ ਸਕੂਲ ਸਰਵਾਈਵਰਾਂ ਦੀ ਪ੍ਰਤੀਨਿਧਤਾ ਕਰਨ ਦਾ ਤਜਰਬਾ ਹੈ। ਉਸ ਦਾ ਕਹਿਣਾ ਕਿ ਉਹ ਇਸ ਪਿਛੋਕੜ ਦਾ ਲਾਭ ਲਵੇਗੀ ਅਤੇ ਸ਼ਹਿਰੀ ਲੋਕਾਂ ਵਿਚ ਜਨਤਕ ਸੁਰੱਖਿਆ ਦੇ ਮੁੱਦਿਆਂ ਦੇ ਹੱਲ ਲੱਭੇਗੀ।

(ਬਾਕੀ ਸ.ਫਾ 10 'ਤੇ)

## ਵਿਆਜ ਦਰਾਂ 'ਚ ਤਾਜ਼ਾ ਵਾਧੇ ਪਿੱਛੋਂ ਵਧਣਗੀਆਂ ਮੌਰਟਗੇਜ ਦਰਾਂ

ਓਟਵਾ-ਬੁੱਧਵਾਰ ਦੇ ਵਿਆਜ ਦਰਾਂ ਵਿਚ ਵਾਧੇ ਨਾਲ ਵੱਡੀਆਂ ਬੈਂਕਾਂ ਵਲੋਂ ਪੇਸ਼ ਕੀਤੀ ਜਾਂਦੀ ਪ੍ਰਮੁੱਖ ਕਰਜ਼ਾ ਦਰ 6.45 ਫ਼ੀਸਦੀ ਤਕ ਪਹੁੰਚਣ ਦੀ ਸੰਭਾਵਨਾ ਹੈ। ਬੈਂਕ ਆਫ ਕੈਨੇਡਾ ਵਲੋਂ ਬੁੱਧਵਾਰ ਅੱਧਾ ਫ਼ੀਸਦੀ ਵਿਆਜ ਦਰ ਵਧਾਉਣ ਨਾਲ ਮਕਾਨ ਮਾਲਕਾਂ ਤੇ ਜਿਹੜੇ ਵਿਅਕਤੀ ਹਾਊਸਿੰਗ ਬਾਜ਼ਾਰ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ ਲਈ ਹੋਰ ਮੁਸੀਬਤ ਖੜੀ ਕਰ ਦਿੱਤੀ ਹੈ ਜਿਨ੍ਹਾਂ ਨੂੰ

(ਬਾਕੀ ਸ.ਫਾ 10 'ਤੇ)


For All Kind of Real Estate Needs
ਕਾਬਲੀਅਤ, ਤਜੁਰਬਾ ਅਤੇ ਸਮਜਦਾਰੀ...
ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com



ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜ਼ਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca



BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
778-723-6900



A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222



Keep Smiling Denture Clinic
- Complete Denture
- Implant Denture
- Partial Denture
- Reline, Rebase
- Emergency Repair
- Mouth / Night Guard
Open Seven Days | Care Home Mobile Service
ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।
Gagan Chahal R.D.
Registered Denturist
Office: 778-600.0811, Gagan@DenturistBC.com
Address : 13117, 67A Ave, Surrey, BC



Bank Turndown? Could be just what you need!
Quick Private Funds
- $10,000 to $1 Million in just 24 Hours
- Up to $5 Million Available
Call today to get started
SANJEEV KATYAL
604.767.5194
info@katyalmortgage.ca
invis
WWW.KATYALMORTGAGE.CA



Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com



MORTGAGE SPECIALIST!
Residential Construction, Commercial and Private Mortgages
- Pre - Approval available in 24 Hours - rate hold - 120 days
- Bad credit also welcome
AMANDEEP DUGGAL
MORTGAGE BROKER
A Better Way
604-368 -2030
604-227-9694
# 102-6321 King George Blvd, Surrey



TRANSource FREIGHTWAYS
*First Time
Pin to Pin
(ਯਾਰਡ ਤੋਂ ਯਾਰਡ)
ਕੰਮ ਲਈ Drivers & Owner Operators ਚਾਹੀਦੇ ਹਨ
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
SUKHBIR SINGH
604.525.0527 Ext. 112



ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey



ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S|T &|A Simpson, Thomas & Associates
TRIAL LAWYERS

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."

– Former client commenting on the Jago wedding tragedy

# B.C.'s Pioneering Law Firm for Motor Vehicle and Personal Injury Cases

For over 50 years Simpson, Thomas & Associates (formerly Simpson & Company) have been advocates for personal injury victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."

– B.Sekhon

**Our history of successfully settling personal injury claims has garnered respect from our clients, and within the legal and rehabilitation communities in B.C.**

- Brain Injury
- Paraplegia
- Quadriplegia
- Spinal Cord Injury

### Translation Services Available

STA has support staff fluent in Punjabi, Hindi and Gujarati.

### Your Needs Come First

If mobility is a challenge, we can come to you.



Adam Ueland
LAWYER

**Call Simpson, Thomas & Associates at 604-229-6448 to request a free initial legal consultation or fill out our online form on simpsonthomas.com**

**"We have offices in Vancouver and Surrey/Delta."**

Caring. Compassionate. Community-Focussed.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax

LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
WEEKLY NEWSPAPER VOL. : 10 ISSUE : 50 SATURDAY, 10 DECEMBER, 2022
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
App Store
Google play

ਤਿੰਨ ਰੰਗ
7pm to 10pm
B.C. Time Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

# ਭਾਜਪਾ ਨੇ ਗੁਜਰਾਤ ਵਿਚ ਲਗਾਤਾਰ 7ਵੀਂ ਵਾਰ ਜਿੱਤ ਦੇ ਝੰਡੇ ਗੱਡੇ

## ਭਾਜਪਾ ਨੂੰ 156 ਸੀਟਾਂ, ਕਾਂਗਰਸ ਨੂੰ 17 ਤੇ ਆਪ ਨੂੰ 5 ਸੀਟਾਂ ਮਿਲੀਆਂ




ਅਮਿਦਾਬਾਦ-ਭਾਜਪਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਪਿੱਤਰੀ ਰਾਜ ਗੁਜਰਾਤ ਵਿਚ ਲਗਾਤਾਰ ਸੱਤਵੀਂ ਵਾਰ ਚੋਣਾਂ ਜਿੱਤ ਕੇ ਨਵਾਂ ਰਿਕਾਰਡ ਸਿਰਜ ਦਿੱਤਾ ਹੈ। ਭਾਜਪਾ ਨੇ ਗੁਜਰਾਤ ਅਸੈਂਬਲੀ ਦੇ 182 ਮੈਂਬਰੀ ਸਦਨ ਵਿੱਚ 156 ਸੀਟਾਂ ਜਿੱਤੀਆਂ ਹਨ। ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' 13 ਫੀਸਦ ਵੋਟ ਸ਼ੇਅਰ ਨਾਲ ਭਾਵੇਂ ਪੰਜ ਸੀਟਾਂ ਹੀ ਜਿੱਤ ਸਕੀ, ਪਰ ਉਸ ਨੂੰ ਕੌਮੀ ਪਾਰਟੀ ਦਾ ਦਰਜਾ ਜ਼ਰੂਰ ਮਿਲ ਗਿਆ। ਕਾਂਗਰਸ ਦੇ ਹਿੱਸੇ 17 ਸੀਟਾਂ ਆਈਆਂ ਤੇ ਆਜ਼ਾਦ ਤੇ ਹੋਰ 4 ਸੀਟਾਂ 'ਤੇ ਜੇਤੂ ਰਹੇ। ਭਾਜਪਾ ਦਾ ਵੋਟ ਸ਼ੇਅਰ 53 ਫੀਸਦ ਦੇ ਕਰੀਬ ਰਿਹਾ, ਜੋ ਪੱਛਮੀ ਸੂਬੇ ਵਿੱਚ ਕਿਸੇ ਪਾਰਟੀ ਵੱਲੋਂ ਦਰਜ ਸਿਖਰਲਾ ਅੰਕੜਾ ਹੈ। ਗੁਜਰਾਤ ਭਾਜਪਾ ਦੇ ਪ੍ਰਧਾਨ ਸੀ.ਆਰ.ਪਾਟਿਲ ਨੇ ਕਿਹਾ ਕਿ ਭੂਪੇਂਦਰ ਪਟੇਲ ਸੂਬੇ ਦੇ ਮੁੱਖ ਮੰਤਰੀ ਬਣੇ ਰਹਿਣਗੇ ਤੇ ਉਨ੍ਹਾਂ ਦਾ ਹਲਫ਼ਦਾਰੀ ਸਮਾਗਮ 12 ਦਸੰਬਰ ਨੂੰ ਹੋਵੇਗਾ। ਪਟੇਲ ਨੇ ਅਹਿਮਦਾਬਾਦ ਦੀ ਘਾਟਲੋਡੀਆ ਸੀਟ 1.92 ਲੱਖ ਵੋਟਾਂ ਦੇ ਵੱਡੇ ਫਰਕ ਨਾਲ ਜਿੱਤੀ ਹੈ। 2017 ਦੀਆਂ ਅਸੈਂਬਲੀ ਚੋਣਾਂ ਵਿੱਚ ਭਾਜਪਾ ਨੇ 99 ਸੀਟਾਂ ਜਿੱਤੀਆਂ ਸਨ ਤੇ ਉਦੋਂ ਉਸ ਦਾ ਵੋਟ ਸ਼ੇਅਰ 49.1 ਫੀਸਦ ਸੀ। ਭਾਜਪਾ ਨੇ ਸਾਲ 2002 ਵਿੱਚ ਤਤਕਾਲੀਨ ਮੁੱਖ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਜਿੱਤੀਆਂ 127 ਸੀਟਾਂ ਦੇ ਰਿਕਾਰਡ ਨੂੰ ਵੀ ਮਾਤ ਪਾ ਦਿੱਤੀ ਹੈ।

*(ਬਾਕੀ ਸਫ਼ਾ 8 'ਤੇ)*

## ਹਿਮਾਚਲ 'ਚ 'ਰਿਵਾਜ ਨਹੀਂ ਰਾਜ ਬਦਲਿਆ'-ਕਾਂਗਰਸ ਨੂੰ ਮਿਲਿਆ ਸਪੱਸ਼ਟ ਬਹੁਮਤ



ਸ਼ਿਮਲਾ-ਪਹਾੜੀ ਰਾਜ ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੇ ਹਰ ਪੰਜ ਸਾਲ ਮਗਰੋਂ ਸੂਬੇ ਵਿੱਚ ਸਰਕਾਰ ਬਦਲਣ ਦੀ ਆਪਣੀ ਰਵਾਇਤ ਨੂੰ ਕਾਇਮ ਰੱਖਦਿਆਂ ਐਤਕੀਂ ਕਾਂਗਰਸ ਵਿੱਚ ਵਿਸ਼ਵਾਸ ਜਤਾਇਆ ਹੈ। ਕਾਂਗਰਸ 68 ਮੈਂਬਰੀ ਵਿਧਾਨ ਸਭਾ ਵਿੱਚ 40 ਸੀਟਾਂ ਜਿੱਤਣ ਵਿੱਚ ਕਾਮਯਾਬ ਰਹੀ ਹੈ। ਸੂਬੇ ਵਿੱਚ ਮੁੜ ਸਰਕਾਰ ਬਣਾਉਣ ਦਾ ਦਾਅਵਾ ਕਰਨ ਵਾਲੀ ਭਾਜਪਾ ਨੇ 18 ਸੀਟਾਂ ਜਿੱਤੀਆਂ ਹਨ

*(ਬਾਕੀ ਸਫ਼ਾ 8 'ਤੇ)*

GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ

MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services

ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ।ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ।ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ।ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ।ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC

| | | | |
|---|---|---|---|
| EDUCATION ASSISTANT $8000 | HEALTH CARE ASSISTANT $5250 | PHARMACY ASSISTANT $5500 | CERTIFIED DENTAL ASSISTANT $14,000 |
| WAGES:$24-$28 PER HOUR | WAGES:$17-$26.50 PER HOUR | WAGES:$19.61-$27.30 PER HOUR | WAGES:$26-$30 PER HOUR |

ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey
Unit 201-8318 120 St.
Abbotsford
Unit 201-3670 Townline Rd.
South Surrey
Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza

ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)

• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।

• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries A TRUSTED TRADITION
Payal Business Centre
80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਲੰਬੀ ਜਾਂਚ ਪਿੱਛੋਂ ਨਸ਼ੀਲੇ ਪਦਾਰਥਾਂ ਦੇ ਸੱਤ ਸਮੱਗਲਰਾਂ ਖਿਲਾਫ ਦੋ ਦਰਜਨ ਦੋਸ਼ ਆਇਦ

ਵੈਨਕੂਵਰ-ਬ੍ਰਿਟਿਸ਼ ਕੋਲੰਬੀਆ ਦੇ ਐਂਟੀ ਗੈਂਗ ਯੂਨਿਟ ਵਲੋਂ ਕੀਤੀ ਗਈ ਲੰਬੀ ਜਾਂਚ ਪਿੱਛੋਂ ਨਸ਼ੀਲੇ ਪਦਾਰਥਾਂ ਦੇ ਕਥਿਤ 7 ਸਮੱਗਲਰਾਂ ਖਿਲਾਫ 2 ਦਰਜਨ ਦੋਸ਼ ਲਗਾਏ ਗਏ ਹਨ ਅਤੇ ਇਨ੍ਹਾਂ ਸਮੱਗਲਰਾਂ ਵਿਚੋਂ ਇਕ ਹੇਲਸ ਏਂਜਲਸ ਹੈਨੀ ਚੈਪਟਰ ਦਾ ਮੁਕੰਮਲ ਮੈਂਬਰ ਹੈ। ਬੀਸੀ ਦੀ ਕੰਬਾਈਂਡ ਫੋਰਸਿਜ਼ ਸਪੈਸ਼ਲ ਇਨਰਫੋਰਸਮੈਂਟ ਨੇ ਕਿਹਾ ਕਿ ਦੋ ਸ਼ੱਕੀ ਰੋਮਨ ਤੇ ਲੂਕਾਸ ਟੈਸੋਨ ਭੱਜੇ ਹੋਏ ਹਨ ਅਤੇ ਵਾਰੰਟਾਂ 'ਤੇ ਲੋੜੀਂਦੇ ਹਨ। ਦੂਸਰੇ ਪੰਜ ਵਿਅਕਤੀ ਗ੍ਰਿਫ਼ਤਾਰ ਕਰ ਲਏ ਹਨ ਅਤੇ ਉਨ੍ਹਾਂ ਨੂੰ ਅਦਾਲਤ ਦੀਆਂ ਤਾਰੀਕਾਂ ਦੀ ਉਡੀਕ ਵਿਚ ਰਿਹਾਅ ਕੀਤਾ ਗਿਆ ਹੈ। ਸਾਰਜੈਂਟ ਬਰੇਂਡਾ ਵਿਨਪੈਨੀ ਨੇ ਇਕ ਰਿਲੀਜ਼ ਵਿਚ ਕਿਹਾ ਕਿ ਯੂਨਿਟ ਲੋਅਰ ਮੇਨਲੈਂਡ ਤੇ ਓਕਾਨਾਗਨ ਵਿਚ ਅਪਰਾਧੀ ਸੰਗਠਨ ਦੀ ਤਰਫੋਂ ਵੱਡੇ ਪੱਧਰ 'ਤੇ ਚਲਾਏ ਜਾ ਰਹੇ ਨਸ਼ਾ ਤਸਕਰੀ ਦੇ ਧੰਦੇ ਦੀ 2020 ਦੇ ਸ਼ੁਰੂ ਵਿਚ ਜਾਂਚ ਸ਼ੁਰੂ ਕੀਤੀ ਸੀ। ਸਤੰਬਰ 2020 ਅਤੇ ਜੁਲਾਈ 2021 ਵਿਚਕਾਰ ਇਕ ਦਰਜਨ ਤਲਾਸ਼ੀ ਵਾਰੰਟਾਂ ਦੀ ਤਾਮੀਲ ਕਰਦਿਆਂ 650000 ਡਾਲਰ ਨਕਦ ਰਾਸ਼ੀ, ਗੈਰਕਾਨੂੰਨੀ ਨਸ਼ੀਲੇ ਪਦਾਰਥ ਜਿਨ੍ਹਾਂ ਵਿਚ ਦੋ ਕਿਲੋ ਕੋਕੀਨ, ਇਕ ਕਿਲੋ ਫੇਂਟਾਨਿਲ, ਇਕ ਕਿਲੋ ਐਮਡੀਐਮਏ ਅਤੇ 10 ਕਿਲੋ ਪੌਟ ਸ਼ਾਮਿਲ ਹੈ ਅਤੇ ਅਗਨੀ ਸ਼ਾਸਤਰ ਜਿਸ ਵਿਚ 9 ਐਮਐਮ ਹੈਂਡਗਨ, 45 ਕੈਲੀਬਰ ਦੀ ਹੈਂਡਗਨ ਤੇ ਹੋਰ ਅਸਲਾ ਤੇ ਦੋ ਮੋਟਰ ਗੱਡੀਆਂ ਸ਼ਾਮਿਲ ਹਨ ਬਰਾਮਦ ਕੀਤਾ ਸੀ। ਇਕ ਥਾਂ ਤੋਂ ਹੇਲਸ ਏਂਜਲਸ ਮੋਟਰਸਾਈਕਲ ਕਲੱਬ ਵੈਸਟ ਅਤੇ ਦੂਸਰੇ ਹੇਲਸ ਏਂਜਲਸ ਦੇ ਕੱਪੜੇ ਵੀ ਜ਼ਬਤ ਕੀਤੇ ਸਨ।

# ਲੰਬਾ ਸਮਾਂ ਪਹਿਲਾਂ ਸੈਲਿਸ਼ ਸਮੁੰਦਰ 'ਚ ਡੁੱਬਿਆ ਸੋਨੇ ਨਾਲ ਲੱਦੇ ਸਮੁੰਦਰੀ ਜਹਾਜ਼ ਦਾ ਮਲਬਾ ਮਿਲਿਆ

ਵੈਨਕੂਵਰ-ਸੈਲਿਸ਼ ਸਮੁੰਦਰ ਵਿਚ ਲੰਬਾ ਸਮਾਂ ਪਹਿਲਾਂ ਡੁੱਬਿਆ ਸੋਨੇ ਨਾਲ ਲੱਦਿਆ ਸਮੁੰਦਰੀ ਜਹਾਜ਼ ਦਾ ਮਲਬਾ ਮਿਲਿਆ ਹੈ। ਮੰਦਭਾਗੇ ਜਹਾਜ਼ 'ਤੇ ਸਵਾਰ ਖਾਣ ਮਜ਼ਦੂਰਾਂ ਵਲੋਂ ਲਿਜਾਇਆ ਜਾ ਰਿਹਾ ਲਗਪਗ ਇਕ ਕਰੋੜ ਡਾਲਰ ਮੁੱਲ ਦਾ ਸੋਨਾ ਮਲਬੇ ਵਿਚੋਂ ਬਚਾਇਆ ਜਾ ਸਕਦਾ ਹੈ। ਪੈਡਲਵੀਲ੍ਹਰ ਪੈਸੀਫਿਕ 'ਤੇ ਲੱਦੇ ਸੋਨੇ ਨਾਲ ਸਬੰਧ ਰੱਖਣ ਵਾਲੇ ਕਿਸੇ ਵੀ ਪਰਿਵਾਰ ਨੂੰ ਆਪਣਾ ਦਾਅਵਾ ਕਰਨ ਦਾ ਮੌਕਾ ਹੈ। ਇਹ ਸਮੁੰਦਰੀ ਜਹਾਜ਼ ਬੀਸੀ ਤੱਟ 'ਤੇ 1875 ਵਿਚ ਡੁੱਬ ਗਿਆ ਸੀ ਅਤੇ ਇਸ ਉੱਪਰ ਸਵਾਰ 275 ਵਿਅਕਤੀ ਵੀ ਮਾਰੇ ਗਏ ਸਨ। ਪਿਛਲੇ ਮਹੀਨੇ ਅਮਰੀਕੀ ਕੰਪਨੀ ਸਿਆਟਲ ਵਿਚ ਅਮਰੀਕਾ ਦੀ ਡਿਸਟ੍ਰਿਕਟ ਕੋਰਟ ਵਿਚ ਕਾਗਜ਼ ਦਾਖਲ ਕਰਕੇ ਕਿਹਾ ਸੀ ਕਿ ਉਸ ਨੇ ਪਤਾ ਲਗਾਇਆ ਹੈ ਕਿ ਜੁਆਨ ਡੀ ਫੂਕਾ ਸਟਰੇਟ ਦੇ ਪੱਛਮੀ ਕਿਨਾਰੇ 'ਤੇ ਲਗਪਗ 1500 ਫੁੱਟ ਦੀ ਡੂੰਘਾਈ 'ਤੇ ਸ਼ਾਇਦ ਪੈਸੀਫਿਕ ਦਾ ਮਲਬਾ ਪਿਆ ਹੋਇਆ ਹੈ। ਇਸ ਦੀ ਤੁਲਨਾ ਵਿਚ ਟਾਈਟੈਨਿਕ ਐਟਲਾਂਟਿਕ ਸਮੁੰਦਰ ਵਿਚ 12500 ਫੁੱਟ ਦੀ ਡੂੰਘਾਈ 'ਤੇ ਪਿਆ ਹੋਇਆ ਹੈ। ਰੌਕਫਿਸ਼ ਇੰਕ ਕੰਪਨੀ ਸੋਨਰ ਤੇ ਟੋਏਡ ਕੈਮਰਾ ਸਲੇਜ ਦੀ ਵਰਤੋਂ ਕਰਕੇ 2006 ਤੋਂ ਆਪਣੇ ਮਲਬੇ ਤੇ ਸੋਨੇ ਦੀ ਖੋਜ ਕਰ ਰਹੀ ਸੀ। ਭਾਲ ਵਾਲੀ ਥਾਂ ਦੀ ਚੋਣ 1875 ਦੇ ਰਿਕਾਰਡ ਦੇ ਆਧਾਰ 'ਤੇ ਕੀਤੀ ਗਈ ਸੀ ਜਿਸ ਵਿਚ ਦਰਸਾਇਆ ਗਿਆ ਹੈ ਕਿ ਸਮੁੰਦਰੀ ਜਹਾਜ਼ ਓਲੰਬੀਆ ਪ੍ਰਾਇਦੀਪ ਦੇ ਆਖਰ ਵਿਚ ਕੈਪ ਫਲੈਟਰੀ ਦੇ ਦੱਖਣ ਪੱਛਮ ਵਿਚ ਡੁੱਬ ਗਿਆ ਸੀ। ਉਨ੍ਹਾਂ ਨੂੰ ਵਪਾਰਕ ਮਛੇਰਿਆਂ ਤੋਂ ਵੀ ਜਾਣਕਾਰੀ ਮਿਲੀ ਸੀ ਕਿ ਉਨ੍ਹਾਂ ਦਾ ਟਰਾਲਿੰਗ ਗੀਅਰ ਸਮੁੰਦਰ ਦੇ ਤਲ ਵਿਚ ਕਿਸੇ ਚੀਜ਼ ਵਿਚ ਫਸ ਗਿਆ ਸੀ। ਸਮੁੰਦਰੀ ਜਹਾਜ਼ 'ਤੇ ਹੋਰ ਵੀ ਕਾਫੀ ਸਮਾਨ ਲੱਦਿਆ ਹੋਇਆ ਸੀ।



# ਸਮਾਜ ਸੇਵੀ ਵਲੋਂ ਐਮਐਸ ਖੋਜ ਲਈ ਯੂਬੀਸੀ ਅਤੇ ਹਸਪਤਾਲ ਫਾਉਂਡੇਸ਼ਨ ਨੂੰ 33.8 ਮਿਲੀਅਨ ਡਾਲਰ ਦਾ ਦਾਨ

ਸਰੀ-ਇਕ ਅਗਿਆਤ ਸਮਾਜਸੇਵੀ ਨੇ ਮਲਟੀਪਲ ਸਕਲੇਰੋਸਿਸ (ਬਿਮਾਰੀ) ਬਾਰੇ ਖੋਜ ਲਈ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਅਤੇ ਵੀਜੀਐਚ ਅਤੇ ਯੂਬੀਸੀ ਹਸਪਤਾਲ ਲਈ 33.8 ਮਿਲੀਅਨ ਡਾਲਰ ਦਾ ਦਾਨ ਦਿੱਤਾ ਹੈ। ਯੂਬੀਸੀ ਦਾ ਕਹਿਣਾ ਕਿ ਵਿਸ਼ਵ ਭਰ ਵਿਚ ਐਮਐਸ ਖੋਜ ਲਈ ਇਹ ਹੁਣ ਤਕ ਦਾ ਸਭ ਤੋਂ ਵੱਡਾ ਦਾਨ ਹੈ। ਯੂਬੀਸੀ ਨੇ ਦੱਸਿਆ ਕਿ ਨਿੱਜੀ ਦਾਨ ਬੀਸੀ ਵਿਚ ਰਹਿੰਦੇ ਇਕ ਸਮਾਜ ਸੇਵੀ ਨੇ ਦਿੱਤਾ ਹੈ ਜਿਸ ਦਾ ਵਿਸ਼ਵਾਸ਼ ਹੈ ਕਿ ਸਾਇੰਸ ਤੇ ਦਵਾਈ ਲਈ ਯੋਗਦਾਨ ਬਿਮਾਰੀਆਂ ਦੇ ਹੱਲ ਤੇ ਇਲਾਜ ਨੂੰ ਤੇਜ਼ੀ ਨਾਲ ਅੱਗੇ ਵਧਾ ਸਕਦਾ ਹੈ। ਇਹ ਮਰੀਜ਼ਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸੇਵਾਵਾਂ ਮੁਹੱਈਆ ਕਰਨ ਵਿਚ ਮਦਦ ਕਰੇਗਾ। ਐਮਐਸ ਇਕ ਆਟੋਇਮਊਨ ਬਿਮਾਰੀ ਹੈ ਜਿਹੜੀ 20 ਤੋਂ 49 ਸਾਲ ਦੇ ਮਰੀਜ਼ਾਂ ਨੂੰ ਪ੍ਰਭਾਵਤ ਕਰਦੀ ਹੈ। ਇਹ ਦਿਮਾਗ ਅਤੇ ਰੀੜ੍ਹ ਦੀ ਹੱਡੀ ਵਿਚ ਨਾੜਾਂ ਦੁਆਲੇ ਇੰਸੂਲੇਟਿੰਗ ਪਰਤ ਜਿਸ ਨੂੰ ਮਾਈਲਨ ਸ਼ੀਥ ਕਿਹਾ ਜਾਂਦਾ ਹੈ 'ਤੇ ਹਮਲਾ ਕਰਦੀ ਹੈ ਜਿਸ ਨਾਲ ਦਿਮਾਗ ਤੇ ਬਾਕੀ ਸਰੀਰ ਵਿਚਕਾਰ ਸੰਚਾਰ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।






EVERSHINE DENTISTRY
EVERSHINE FAMILY DENTISTRY
"Healthy beautiful Smiles"
Fillings, Extractions, Deep Cleaning, Crown and Bridge, Root Canals, Digital X-Rays
Practising for more than 11 years
111 - 7130 120 Street Surrey, BC V3W 3M8
(Near Guru Nanak Sikh Gurdwara) Located Ground Floor of Satnam Plaza
www.evershinedental.ca
604-593-6515
Dr. Anjanpal Kaur Bhalla


# ਪੁਲਿਸ ਨੇ ਨਾਕੇ ਲਾ ਕੇ 23 ਸ਼ਰਾਬੀ ਡਰਾਈਵਰਾਂ ਨੂੰ ਫੜਿਆ

ਸਰੀ-ਵੀਕਐਂਡ 'ਤੇ ਐਬਟਸਫੋਰਡ ਵਿਚ ਲਾਈਟ ਅਪ ਹਾਈਵੇਅ ਪ੍ਰਾਜੈਕਟ ਦੇ ਹਿੱਸੇ ਵਜੋਂ ਨਾਕਾ ਲਾ ਕੇ ਸੈਂਕੜੇ ਡਰਾਈਵਰਾਂ ਦੀ ਕੀਤੀ ਜਾਂਚ ਵਿਚ 23 ਸ਼ਰਾਬੀ ਡਰਾਈਵਰ ਕਾਬੂ ਆ ਗਏ। ਇਹ ਨਾਕਾ ਹਾਈਵੇਅ ਇਕ ਦੇ ਹਰੇਕ ਵੈਸਟਬਾਉਂਡ ਐਗਜ਼ਿਟ 'ਤੇ ਲਗਾਇਆ ਗਿਆ ਸੀ। ਐਬਟਸਫੋਰਡ ਪੁਲਿਸ ਵਿਭਾਗ ਦੇ ਮੀਡੀਆ ਅਧਿਕਾਰੀ ਸਾਰਜੈਂਟ ਪਾਲ ਵਾਕਰ ਨੇ ਦੱਸਿਆ ਕਿ 3 ਦਸੰਬਰ ਦੀ ਰਾਤ ਨੂੰ ਬੀਸੀ ਆਰਸੀਐਮਪੀ ਅਤੇ ਸੀਪੀ ਪੁਲਿਸ ਸਰਵਿਸ ਦੀ ਸਾਂਝੇਦਾਰੀ ਨਾਲ ਲਾਈਟ ਅਪ ਹਾਈਵੇਅ ਪ੍ਰਾਜੈਕਟ ਚਲਾਇਆ ਗਿਆ ਸੀ। ਇਸ ਮੁਹਿੰਮ ਵਿਚ ਕਈਆਂ ਨੂੰ ਕੁਝ ਸਮੇਂ ਲਈ ਡਰਾਈਵਿੰਗ ਕਰਨ ਤੋਂ ਮਨਾਹੀ ਕੀਤੀ ਗਈ ਤੇ ਜ਼ੁਰਮਾਨੇ ਦੀਆਂ ਟਿਕਟਾਂ ਜਾਰੀ ਕੀਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਅਧਿਕਾਰੀਆਂ ਨੇ ਸੈਂਕੜੇ ਡਰਾਈਵਰਾਂ ਦੀ ਜਾਂਚ ਕੀਤੀ ਅਤੇ ਬਹੁਤੇ ਜ਼ਿੰਮੇਵਾਰੀ ਨਾਲ ਗੱਡੀਆਂ ਚਲਾ ਰਹੇ ਸਨ। ਐਬਟਸਫੋਰਡ ਪੁਲਿਸ ਵਿਭਾਗ ਲਈ ਸ਼ਰਾਬ ਪੀ ਕੇ ਗੱਡੀ ਚਲਾਉਣਾ ਵੱਡੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਦੱਸਿਆ ਕਿ ਬਦਕਿਸਮਤੀ ਨਾਲ ਅਸੀਂ ਲਗਾਤਾਰ ਦੇਖ ਰਹੇ ਹਾਂ ਕਿ ਕਈ ਡਰਾਈਵਰ ਸ਼ਰਾਬ ਪੀਕੇ ਗੱਡੀ ਚਲਾਉਣ ਤੋਂ ਬਾਜ ਨਹੀਂ ਆ ਰਹੇ।

# ਅਜਮੇਰ ਸਿੰਘ ਰਿੰਪੀ ਭੁੱਲਰ ਦਾ ਸਦੀਵੀ ਵਿਛੋੜਾ



ਸਰੀ- ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਪਿਆਰੇ ਅਜਮੇਰ ਸਿੰਘ ਭੁੱਲਰ (ਰਿੰਪੀ) ਬੀਤੇ ਦਿਨ ਅਚਾਨਕ ਸਵਰਗ ਸਿਧਾਰ ਗਏ ਹਨ। ਉਹਨਾਂ ਦਾ ਪਿਛਲਾ ਪਿੰਡ ਮਕਸੂਦੜਾ, ਲੁਧਿਆਣਾ ਸੀ। ਮ੍ਰਿਤਕ ਦਾ ਅੰਤਿਮ ਸੰਸਕਾਰ ਮਿਤੀ 18 ਦਸੰਬਰ ਨੂੰ 11 ਵਜੇ ਰਿਵਰ ਸਾਈਡ ਫਿਊਨਰਲ ਹੋਮ ਵਿਖੇ ਕੀਤਾ ਜਾਵੇਗਾ। ਉਪਰੰਤ ਭੋਗ ਤੇ ਅੰਤਿਮ ਅਰਦਾਸ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਸਰੀ ਵਿਖੇ ਬਾਦ ਦੁਪਹਿਰ 1 ਵਜੇ ਹੋਵੇਗੀ। ਪਰਿਵਾਰ ਨਾਲ ਹਮਦਰਦੀ ਜਾਂ ਹੋਰ ਜਾਣਕਾਰੀ ਲਈ ਦਿਲਬਰ ਸਿੰਘ ਰੰਗੀ ਨਾਲ ਫੋਨ ਨੰਬਰ 604-715-7760 ਜਾਂ ਲਖਵੀਰ ਸਿੰਘ ਗਿੱਲ ਨਾਲ ਫੋਨ ਨੰਬਰ 778-862-0240 ਸੰਪਰਕ ਕੀਤਾ ਜਾ ਸਕਦਾ ਹੈ।


JJB INSURANCE
BBB ACCREDITED BUSINESS
An Independent Insurance Broker Covers You Best
Sarban Singh Sidhu
604-507-6866
#1, 13791, 72 AVE, SURREY (NEAR FRUITICANA)
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |


*RATES SUBJECT TO CHANGE WITHOUT ANY NOTICE
HOUSE INSURANCE UP TO 65% DISCOUNT AVAILABLE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ਼੍ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available



MORTGAGE

| 5 YRS. VARIABLE – 25 YRS. INSURED | 5 YRS. VARIABLE – 25 YRS. INSURABLE | 5 YRS. VARIABLE – 30 YRS. PURCHASE |
|---|---|---|
| 5.05%* | 5.45%* | 5.50%* |
| (Prime –.90%) | (Prime –.50%) | (Prime –.45%) |

*Conditions Apply. Rates subject to change without notice.
Interest Rates are Rising!
TO LOCK OR NOT TO LOCK
ask for our expert guidance?
GET CASH BACK UP TO $1,000*

RAJ GILL, AMP
604 564 1000
VANCOUVER
Unit 200-6330 Fraser St
@47 Ave & Fraser St
Our Symbol of Care & Service
Superior Mortgage
The Banking Alternative
*Some conditions apply.

SHARNJIT GILL, AMP
604 507 1000
SURREY
Unit 244 8138 128 St
www.quickapproval.ca

## ਕਲੌਨਾ ਦੇ ਸਾਬਕਾ ਮੇਅਰ ਕੋਲਿਨ ਬਸਰਾਨ ਖਿਲਾਫ ਜਿਣਸੀ ਹਮਲੇ ਦੇ ਦੋਸ਼ ਆਇਦ

ਸਰੀ-ਕੇਲੋਵਨਾ ਦੇ ਸਾਬਕਾ ਮੇਅਰ ਕੋਲਿਨ ਬਸਰਾਨ ਖਿਲਾਫ ਜਿਣਸੀ ਹਮਲੇ ਦੇ ਦੋਸ਼ ਲਗਾਏ ਗਏ ਹਨ। ਇਹ ਦੋਸ਼ ਮਈ ਮਹੀਨੇ ਵਿਚ ਕੇਲੋਵਨਾ ਵਿਚ ਵਾਪਰੀ ਘਟਨਾ ਨਾਲ ਸਬੰਧਤ ਹਨ। ਬਸਰਾਨ ਖਿਲਾਫ ਮਾਮਲੇ ਨੂੰ ਸੰਭਾਲਣ ਲਈ ਇਕ ਵਿਸ਼ੇਸ਼ ਪ੍ਰੌਸੀਕਿਊਟਰ ਨਿਯੁਕਤ ਕੀਤਾ ਗਿਆ ਸੀ। ਬੀਸੀ ਪ੍ਰੌਸੀਕਿਊਸ਼ਨ ਸਰਵਿਸ ਨੇ ਬੁੱਧਵਾਰ ਐਲਾਨ ਕੀਤਾ ਕਿ ਇਕ ਘਟਨਾ ਮਈ 2022 ਨੂੰ ਕੇਲੋਵਨਾ ਵਿਚ ਕਥਿਤ ਰੂਪ ਵਿਚ ਵਾਪਰੀ ਸੀ ਜਦੋਂ ਉਹ ਓਕਾਨਾਗਨ ਸ਼ਹਿਰ ਦਾ ਮੇਅਰ ਸੀ ਲਈ ਬਸਰਾਨ ਖਿਲਾਫ ਜਿਣਸੀ ਹਮਲੇ ਦਾ ਦੋਸ਼ ਲਗਾਇਆ ਗਿਆ ਹੈ। ਘਟਨਾ ਦੀ ਕੇਲੋਵਨਾ ਆਰਸੀਐਮਪੀ ਨੇ ਜਾਂਚ ਕੀਤੀ ਸੀ ਅਤੇ ਸਪੈਸ਼ਲ ਪ੍ਰੌਸੀਕਿਊਟਰ ਜਿਸ ਨੇ ਦੋਸ਼ ਨੂੰ ਪ੍ਰਵਾਨਗੀ ਦੇਣੀ ਹੈ ਨੂੰ ਭੇਜਣ ਲਈ ਕਰਾਊਨ ਕੌਂਸਲ ਨੂੰ ਰਿਪੋਰਟ ਕਰਨ ਤੋਂ ਪਹਿਲਾਂ ਨੈਲਸਨ ਪੁਲਿਸ ਡਿਪਾਰਟਮੈਂਟ ਨੇ ਰਿਪੋਰਟ ਦਾ ਸੁਤੰਤਰ ਰੂਪ ਵਿਚ ਨਿਰੀਖਣ ਕੀਤਾ ਸੀ। ਪ੍ਰਾਈਵੇਟ ਪ੍ਰੈਕਟਿਸ ਕਰਦੇ ਵੈਨਕੂਵਰ ਦੇ ਵਕੀਲ ਬਰੌਕ ਮਾਰਟਲੈਂਡ ਨੂੰ ਮਾਮਲੇ ਵਿਚ ਸਪੈਸ਼ਲ ਪ੍ਰੌਸੀਕਿਊਟਰ ਨਿਯੁਕਤ ਕੀਤਾ ਗਿਆ ਸੀ। ਦੋਸ਼ਾਂ ਦੇ ਵੇਰਵੇ ਜਨਤਕ ਨਹੀਂ ਕੀਤੇ ਗਏ। ਬਸਰਾਨ ਨੇ 24 ਜਨਵਰੀ ਨੂੰ ਕੇਲੋਵਨਾ ਵਿਚ ਪ੍ਰੋਵਿੰਸ਼ੀਅਲ ਅਦਾਲਤ ਵਿਚ ਪੇਸ਼ ਹੋਣਾ ਹੈ। ਉਸ ਨੇ ਅਕਤੂਬਰ ਮਿਊਂਸਪਲ ਚੋਣਾਂ ਵਿਚ ਚੋਣ ਲੜੀ ਸੀ ਪਰ ਉਹ ਮੇਅਰ ਟੌਮ ਡਾਇਸ ਤੋਂ ਹਾਰ ਗਿਆ ਸੀ।

## ਕੈਨਫਰ ਕੰਪਨੀ ਘਟਾ ਦੇਵੇਗੀ ਕੈਨੇਡੀਅਨ ਲੱਕੜ ਦਾ ਉਤਪਾਦਨ

ਵੈਨਕੂਵਰ-ਇਥੋਂ ਦੀ ਕੰਪਨੀ ਦਾ ਕਹਿਣਾ ਕਿ ਉਹ ਬੀਸੀ ਅਤੇ ਅਲਬਰਟਾ ਵਿਚ ਠੋਸ ਲੱਕੜ ਫੈਸਿਲਟੀਜ਼ ਵਿਚ ਕਟੌਤੀ ਕਰ ਦੇਵੇਗੀ। ਬ੍ਰਿਟਿਸ਼ ਕੋਲੰਬੀਆ ਦੇ ਜੰਗਲਾਤ ਖੇਤਰ ਨੂੰ ਵਿਰਾਮ ਲੱਗ ਰਿਹਾ ਹੈ ਕਿਉਂਕਿ ਕੁਝ ਕੰਪਨੀਆਂ ਕ੍ਰਿਸਮਸ ਮੌਕੇ ਉਤਪਾਦਨ ਵਿਚ ਕਟੌਤੀ ਕਰ ਰਹੀਆਂ ਹਨ। ਕੈਨਫਰ ਕੋਰਪ ਨੇ ਉਤਪਾਦਨ ਵਿਚ ਕਟੌਤੀ ਦਾ ਹਾਲ ਹੀ ਵਿਚ ਐਲਾਨ ਕੀਤਾ ਹੈ। ਇਕ ਸਾਲ ਪਹਿਲਾਂ ਇੰਡਸਟਰੀ ਘਰ ਉਸਾਰੀ ਵਿਚ ਮਹਾਂਮਾਰੀ ਰਿਕਵਰੀ ਤੇਜ਼ੀ ਸਮੇਂ ਸਿਖਰ 'ਤੇ ਪੁੱਜੀ ਹੋਈ ਸੀ। ਯੂਨਾਈਟਡ ਸਟੀਲ ਵਰਕਰਜ਼ ਯੂਨੀਅਨ ਵੁੱਡ ਕੌਂਸਲ ਦੇ ਚੇਅਰਪਰਸਨ ਜੈੱਫ ਬਰੋਮਲੀ ਨੇ ਕਿਹਾ ਕਿ ਇਕ ਤੋਂ ਬਾਅਦ ਇਕ ਆਰਜ਼ੀ ਕਟੌਤੀ ਇਕ ਲਹਿਰ ਵਾਂਗ ਲਗਦਾ ਹੈ। ਬਰੋਮਲੇ ਨੇ ਕਿਹਾ ਕਿ ਉਤਪਾਦਨ ਵਿਚ ਤਾਜ਼ਾ ਕਟੌਤੀ ਸਾਲ ਦੇ ਅਖੀਰ ਵਿਚ ਕੀਤੀ ਗਈ ਹੈ ਜਿਸ ਵਿਚ ਮਹਿੰਗਾਈ ਤੇ ਉੱਚ ਵਿਆਜ ਦਰਾਂ ਨੇ ਮੰਦੀ ਦਾ ਖ਼ਤਰਾ ਪੈਦਾ ਕਰ ਦਿੱਤਾ ਹੈ ਅਤੇ ਬਾਜ਼ਾਰ ਉਚਾਈ ਤੋਂ ਹੇਠਾਂ ਆ ਗਏ ਹਨ। ਬਰੋਮਲੇ ਨੇ ਕਿਹਾ ਕਿ ਇਹ ਤਾਂ ਮਜ਼ਾਕ ਲਗਦਾ ਹੈ ਕਿਉਂਕਿ ਇਕ ਸਾਲ ਪਹਿਲਾਂ ਅਸੀਂ ਲੱਕੜ ਬਾਜ਼ਰ ਵਿਚ ਅਵਿਸ਼ਵਾਸ਼ਯੋਗ ਵਾਧੇ ਬਾਰੇ ਗੱਲ ਕਰਦੇ ਸੀ ਅਤੇ ਲੱਕੜ ਦੀਆਂ ਕੀਮਤਾਂ ਇਸ ਤੋਂ ਪਹਿਲਾਂ ਇੰਨੀਆਂ ਕਦੇ ਵੀ ਨਹੀਂ ਸਨ ਵਧੀਆਂ।




## ਫੁੱਲ ਟਾਈਮ ਨੌਰਥ ਡੈਲਟਾ ਫੂਡ ਬੈਂਕ ਇਸ ਮਹੀਨੇ ਤੋਂ ਖੁੱਲ੍ਹੇਗਾ

ਸਰੀ-ਫੁੱਲ ਟਾਈਮ ਨੌਰਥ ਡੈਲਟਾ ਫੂਡ ਬੈਂਕ ਇਸ ਮਹੀਨੇ ਖੁੱਲ੍ਹ ਜਾਵੇਗਾ। ਡੈਲਟਾ ਕੌਂਸਲ ਨੇ ਗੁਰੂ ਨਾਨਕ ਫੂਡ ਬੈਂਕ ਦੇ ਨੌਰਥ ਡੈਲਟਾ ਸਥਾਨ ਨੂੰ 10000 ਡਾਲਰ ਦਾ ਯੋਗਦਾਨ ਪਾਉਣ ਲਈ ਮਤਾ ਪਾਸ ਕੀਤਾ ਹੈ। ਸਰੀ ਆਧਾਰਤ ਗੁਰੂ ਨਾਨਕ ਫੂਡ ਬੈਂਕ ਛੁੱਟੀਆਂ ਦੇ ਮੌਸਮ ਵਿਚ ਭੋਜਨ ਸਹਾਇਤਾ ਮੁਹੱਈਆ ਕਰਨ ਲਈ ਆਪਣੇ 11188 8ਵੀਂ ਐਵੀਨਿਊ ਵਿਖੇ ਸਾਬਕਾ ਸਾਊਥਰਿਜ ਹਾਰਡਵੇਅਰ 'ਚ ਸਥਿਤ ਨੌਰਥ ਡੈਲਟਾ ਸਥਾਨ ਦੀ ਸਾਫਟ ਓਪਨ ਕਰੇਗਾ ਅਤੇ ਅਧਿਕਾਰਤ ਓਪਨਿੰਗ ਬਾਅਦ ਵਿਚ ਕਿਸੇ ਤਾਰੀਕ ਨੂੰ ਕੀਤੀ ਜਾਵੇਗੀ ਜਿਸ ਦਾ ਅਜੇ ਐਲਾਨ ਕੀਤਾ ਜਾਣਾ ਹੈ। ਨੌਰਥ ਡੈਲਟਾ ਸਥਾਨ ਡੈਲਟਾ ਵਿਚ ਪਹਿਲਾ ਫੁੱਲ ਟਾਈਮ ਫੂਡ ਬੈਂਕ ਹੋਵੇਗਾ ਅਤੇ ਇਹ 6500 ਵਰਗ ਫੁੱਟ ਨਾਲ ਜੀਐਨਐਫਬੀ ਦੇ ਤਿੰਨ ਸਟੋਰ ਫਰੰਟਾਂ ਵਿਚ ਸਭ ਤੋਂ ਵੱਡਾ ਹੋਵੇਗਾ। ਸਰੀ ਵਿਚ ਗੁਰੂ ਨਾਨਕ ਫੂਡ ਬੈਂਕ ਇਕ ਜੁਲਾਈ 2020 ਨੂੰ ਖੋਲ੍ਹਿਆ ਗਿਆ ਸੀ ਅਤੇ ਐਬਟਸਫੋਰਡ ਵਿਚ ਵੀ ਇਕ ਆਊਟਲੈੱਟ ਚਲਾਈ ਜਾ ਰਹੀ ਹੈ ਜਿਸ ਨੂੰ ਜਨਤਾ ਲਈ 6 ਫਰਵਰੀ 2022 ਨੂੰ ਖੋਲ੍ਹਿਆ ਗਿਆ ਸੀ।

## ਕੈਨੇਡੀਅਨ ਧਰਤੀ 'ਤੇ ਦੋ ਹੋਰ ਗੈਰਕਾਨੂੰਨੀ ਚੀਨੀ ਥਾਣਿਆਂ ਦੀ ਰਿਪੋਰਟ 'ਤੇ ਪੁਲਿਸ ਚੁੱਪ

ਓਟਵਾ-ਕੈਨੇਡੀਅਨ ਧਰਤੀ 'ਤੇ ਚੀਨ ਵਲੋਂ ਗੈਰਕਾਨੂੰਨੀ ਥਾਣੇ ਖੋਲ੍ਹਣ ਦੀ ਰਿਪੋਰਟ ਬਾਰੇ ਪੁਲਿਸ ਨੇ ਚੁੱਪ ਧਾਰੀ ਹੋਈ ਹੈ। ਸਪੇਨ ਆਧਾਰਤ ਐਨਜੀਓ ਜਿਹੜਾ ਚੀਨ ਵਿਚ ਪੁਲਿਸ ਵਲੋਂ ਲੋਕਾਂ ਨੂੰ ਲਾਪਤਾ ਕਰਨ ਦੀ ਨਿਗਰਾਨੀ ਰੱਖਦਾ ਹੈ ਨੇ ਅਕਤੂਬਰ ਵਿਚ ਇਕ ਰਿਪੋਰਟ ਜਾਰੀ ਕਰਕੇ ਦਾਅਵਾ ਕੀਤਾ ਕਿ ਚੀਨੀ ਲਾਅ ਇਨਫੋਰਸਮੈਂਟ ਨੇ ਅਣਇੱਛਤ ਵਾਪਸੀ ਦੀ ਚੀਨੀ ਨੀਤੀ ਨੂੰ ਲਾਗੂ ਕਰਨ ਲਈ ਪੂਰੀ ਦੁਨੀਆਂ ਵਿਚ ਪੁਲਿਸ ਥਾਣੇ ਖੋਲ੍ਹ ਰੱਖੇ ਹਨ। ਚੀਨ ਸਰਕਾਰ ਦਾ ਇਹ ਉਹ ਪ੍ਰੋਗਰਾਮ ਹੈ ਜਿਸ ਤਹਿਤ ਜਦੋਂ ਕਦੇ ਦੇਸ਼ ਦੀ ਸੁਰੱਖਿਆ ਸਰਵਿਸ ਸਮਝਦੀ ਹੈ ਕਿ ਉਨ੍ਹਾਂ ਨੇ ਚੀਨ ਦੇ ਕਾਨੂੰਨ ਦੀ ਉਲੰਘਣਾ ਕੀਤੀ ਹੈ ਤਾਂ ਚੀਨੀ ਨਾਗਰਿਕਾਂ ਨੂੰ ਘਰ ਵਾਪਸੀ ਲਈ ਮਜ਼ਬੂਰ ਕੀਤਾ ਜਾਂਦਾ ਹੈ। ਇਨ੍ਹਾਂ ਥਾਣਿਆਂ ਵਿਚੋਂ ਤਿੰਨ ਦੀ ਟੋਰਾਂਟੋ ਇਲਾਕੇ ਵਿਚ ਹੋਣ ਦੀ ਪਛਾਣ ਦੀ ਕੀਤੀ ਗਈ ਹੈ। ਇਕ ਥਾਣਾ ਇਕ ਨਿੱਜੀ ਘਰ ਵਜੋਂ ਰਜਿਸਟਰਡ ਹੈ, ਦੂਸਰਾ ਸਟਰਿਪ ਮਾਲ ਹੈ ਜਿਹੜਾ ਚੀਨੀ-ਕੈਨੇਡੀਅਨ ਕਾਰੋਬਾਰਾਂ ਨਾਲ ਭਰਿਆ ਹੋਇਆ ਹੈ ਅਤੇ ਤੀਸਰਾ ਰਜਿਸਟਰਡ ਨਾਨ-ਪ੍ਰਾਫਿਟ ਦਾ ਦਫ਼ਤਰ ਹੈ ਜਿਸ ਨੂੰ ਕੈਨੇਡਾ ਟੋਰਾਂਟੋ ਫਿਊਕਿੰਗ ਬਿਜਨਸ ਐਸੋਸੀਏਸ਼ਨ ਵਜੋਂ ਜਾਣਿਆਂ ਜਾਂਦਾ ਹੈ। ਭਾਵੇਂ ਸੇਫਗਾਰਡ ਡਿਫੈਂਡਰਜ਼ ਦੀ ਸ਼ੁਰੂਆਤੀ ਰਿਪੋਰਟ ਦਾ ਤੁਰੰਤ ਵਿਸ਼ਵ ਭਰ ਵਿਚ ਰਾਜਨੀਤਕ ਪ੍ਰਭਾਵ ਪਿਆ ਪਰ ਕੈਨੇਡਾ ਵਿਚ ਇਸ ਦਾ ਪ੍ਰਭਾਵ ਸ਼ਾਇਦ ਬਹੁਤ ਤੇਜ਼ੀ ਨਾਲ ਮਹਿਸੂਸ ਕੀਤਾ ਗਿਆ ਅਤੇ ਇਹ ਚੀਨੀ ਰਾਜਨੀਤਕ ਦਖਲਅੰਦਾਜ਼ੀ ਦਾ ਤਾਜ਼ਾ ਦੋਸ਼ ਹੈ। ਅਕਤੂਬਰ ਵਿਚ ਕੈਨੇਡਾ-ਬੀਜਿੰਗ ਸਬੰਧਾਂ ਬਾਰੇ ਹਾਊਸ ਆਫ ਕਾਮਨਜ਼ ਕਮੇਟੀ ਰਾਜਨੀਤਕ ਦ੍ਰਿਸ਼ਟੀ ਤੋਂ ਬਹੁਤ ਚਿੰਤਤ ਸੀ ਕਿ ਚੀਨ ਇਨ੍ਹਾਂ ਥਾਣਿਆਂ ਨੂੰ ਕੈਨੇਡਾ ਵਿਚ ਰਹਿੰਦੇ ਤੇ ਕੰਮ ਕਰਦੇ ਚੀਨੀ ਨਾਗਰਿਕਾਂ 'ਤੇ ਨਜ਼ਰ ਰੱਖਣ ਲਈ ਵਰਤ ਰਿਹਾ ਹੈ।

## ਸਰੀ ਕੌਂਸਲ ਵਲੋਂ ਐਸਸੀਡੀਸੀ ਨੂੰ ਇਨ-ਹਾਊਸ ਲਿਆਉਣ ਦੇ ਸੇਫ ਸਰੀ ਕੁਲੀਸ਼ਨ ਦੇ ਕਦਮ ਨੂੰ ਉਲਟਾਉਣ ਲਈ ਮਤਾ ਪਾਸ

ਸਰੀ-ਸਰੀ ਸਿਟੀ ਕੌਂਸਲ ਨੇ ਇਕ ਮਤਾ ਪਾਸ ਕਰਕੇ ਸਟਾਫ ਨੂੰ ਸਰੀ ਸਿਟੀ ਡਿਵੈਲਪਮੈਂਟ ਕਾਰਪੋਰੇਸ਼ਨ ਨੂੰ 2020 ਵਾਲੀ ਹਾਲਤ ਵਿਚ ਮੁੜ ਸਰਗਰਮ ਕਰਨ ਲਈ ਯੋਜਨਾ ਤਿਆਰ ਕਰਨ ਵਾਸਤੇ ਕਿਹਾ ਹੈ। ਸਾਬਕਾ ਕੌਂਸਲ ਦੀ ਸੇਫ ਸਰੀ ਕੁਲੀਸ਼ਨ ਬਹੁਮਤ ਵਲੋਂ ਸਿਟੀ ਹਾਲ ਨੂੰ 2020 ਵਿਚ ਕੰਟਰੋਲ ਵਿਚ ਲਿਆਂਦਾ ਗਿਆ ਸੀ। ਸੇਫ ਸਰੀ ਦੇ ਕੌਂਸਲਰਾਂ ਮਨਦੀਪ ਨਾਗਰਾ ਅਤੇ ਡੱਗ ਐਲਫੋਰਡ ਨੇ 28 ਨਵੰਬਰ ਦੇ ਮਤੇ ਦਾ ਵਿਰੋਧ ਕੀਤਾ ਅਤੇ ਐਲਫੋਰਡ ਨੇ ਕੌਂਸਲ ਨੂੰ ਦੱਸਿਆ ਕਿ ਉਸ ਦਾ ਮੰਨਣਾ ਕਿ ਇਨ-ਹਾਊਸ ਵਿਚ ਬਿਹਤਰੀਨ ਕੰਮ ਕੀਤਾ ਗਿਆ ਹੈ। ਸਰੀ ਦੀ ਆਪਣੀ ਸਰਪਲੱਸ ਜ਼ਮੀਨ ਦਾ ਮੁੱਲ ਵਧਾਉਣ ਲਈ ਐਸਸੀਡੀਸੀ ਦਾ 2007 ਵਿਚ ਗਠਨ ਕੀਤਾ ਗਿਆ ਸੀ। ਇਸ ਦੇ ਆਪਣੇ ਮੈਨੇਜਰ ਤੇ ਬੋਰਡ ਹੁੰਦਾ ਹੈ। ਐਸਐਸਸੀ ਨੇ 2020 ਵਿਚ ਸ਼ਹਿਰ ਦੀ ਆਪਣੀ ਫਾਰ-ਪ੍ਰਾਫਿਟ ਰੀਅਲ ਅਸਟੇਟ ਕੰਪਨੀ ਭੰਗ ਕਰਨ ਅਤੇ ਇਸ ਦਾ ਕੰਮਕਾਜ ਅਤੇ ਸੰਪਤੀ ਸਿਟੀ ਹਾਲ ਨੂੰ ਤਬਦੀਲ ਕਰਨ ਲਈ ਮਤਾ ਪਾਸ ਕੀਤਾ ਸੀ। ਸਰੀ ਦੀ ਸਾਬਕਾ ਮੇਅਰ ਡਿਆਨੇ ਵਾਟਸ 2020 ਵਿਚ ਐਸਸੀਡੀਸੀ ਨੂੰ ਆਪਣੇ ਹੱਥਾਂ ਵਿਚ ਲੈਣ ਦੇ ਸ਼ਹਿਰ ਦੇ ਕਦਮ ਦੀ ਆਲੋਚਨਾ ਕਰਨ ਵਾਲੇ ਲੋਕਾਂ ਵਿਚ ਸ਼ਾਮਿਲ ਸੀ। ਵਾਟਸ ਦੇ ਸੱਤਾ ਵਿਚ ਹੁੰਦਿਆਂ ਇਸ ਦਾ ਗਠਨ ਕੀਤਾ ਗਿਆ ਸੀ।

## ਸਰੀ ਪੁਲਿਸ ਯੂਨੀਅਨ ਵਲੋਂ ਆਰਸੀਐਮਪੀ ਦੀ ਚੰਗੀ ਭੱਲ ਬਣੀ ਹੋਣ ਦੀ ਗੱਲ ਰੱਦ

ਸਰੀ-ਸ਼ਹਿਰ ਦੀ ਨਵੀਂ ਮੇਅਰ ਬਰੈਂਡਾ ਲੋਕ ਪੁਲਿਸ ਦਾ ਕੰਮਕਾਜ ਮਿਊਂਸਪਲ ਪੁਲਿਸ ਫੋਰਸ ਨੂੰ ਤਬਦੀਲੀ ਰੋਕਣ ਦੀ ਯੋਜਨਾ ਨਾਲ ਅੱਗੇ ਵੱਧ ਰਹੀ ਹੈ ਜਦਕਿ ਸਰੀ ਪੁਲਿਸ ਯੂਨੀਅਨ ਨੇ ਸਟਾਫ ਅਤੇ ਅਪਰਾਧ ਦੀ ਦਰ ਘਟਣ ਬਾਰੇ ਆਰਸੀਐਮਪੀ ਦੀ ਚੰਗੀ ਭੱਲ ਬਣੀ ਹੋਣ ਨੂੰ ਰੱਦ ਕਰ ਦਿੱਤਾ ਹੈ। ਲੋਕ ਦਾ ਕਹਿਣਾ ਕਿ ਉਸ ਕੋਲ ਆਰਸੀਐਮਪੀ ਨੂੰ ਕਾਇਮ ਰੱਖਣ ਬਾਰੇ ਇਕ ਯੋਜਨਾ ਹੈ ਜਿਸ ਨੂੰ ਮੱਧ ਦਸੰਬਰ ਤਕ ਜਨਤਕ ਸੁਰੱਖਿਆ ਮੰਤਰੀ ਮਾਈਕ ਫਾਰਨਵਰਥ ਤੇ ਸਾਲਿਸਟਰ ਜਨਰਲ ਨੂੰ ਸੌਂਪਿਆ ਜਾਵੇਗਾ। ਇਸ ਯੋਜਨਾ ਵਿਚ ਸਰੀ ਪੁਲਿਸ ਸਰਵਿਸ ਨੂੰ ਟਰਾਂਜ਼ੀਸ਼ਨ ਰੋਕਣ ਦਾ ਖਰਚ ਸ਼ਾਮਿਲ ਹੈ। ਪਹਿਲਾਂ ਪਹਿਲ ਲੋਕ ਨੇ ਕਿਹਾ ਸੀ ਕਿ ਯੋਜਨਾ ਨਵੰਬਰ ਦੇ ਅਖੀਰ ਤਕ ਤਿਆਰ ਹੋ ਜਾਵੇਗੀ। ਲੋਕ ਨੇ ਦੱਸਿਆ ਕਿ ਫਾਰਨਵਰਥ ਨੂੰ 15 ਨਵੰਬਰ ਤਕ ਰਿਪੋਰਟ ਸੌਂਪ ਦਿੱਤੀ ਜਾਵੇਗੀ। ਉਹ ਪ੍ਰੀਮੀਅਰ ਡੇਵਿਡ ਏਬੀ ਅਤੇ ਸਾਲਿਸਟਰ ਜਨਰਲ ਨਾਲ ਆਉਂਦੇ ਹਫ਼ਤਿਆਂ ਵਿਚ ਉਨ੍ਹਾਂ ਨੂੰ ਇਹ ਦੱਸਣ ਲਈ ਮੀਟਿੰਗ ਕਰੇਗੀ ਕਿ ਇਸ ਵਿਚ ਅਸੀਂ ਕਿੰਨੀ ਪ੍ਰਗਤੀ ਕੀਤੀ ਹੈ। ਐਸਪੀਐਸ ਨੂੰ ਟਰਾਂਜ਼ੀਸ਼ਨ ਰੋਕਣ ਬਾਰੇ ਬੀਸੀ ਸਰਕਾਰ ਨੇ ਅੰਤਿਮ ਫ਼ੈਸਲਾ ਲੈਣਾ ਹੈ ਜਿਸ 'ਤੇ ਹੁਣ ਤਕ 108 ਮਿਲੀਅਨ ਡਾਲਰ ਤੋਂ ਵੀ ਵੱਧ ਖਰਚ ਕੀਤਾ ਜਾ ਚੁੱਕਾ ਹੈ ਅਤੇ ਲਗਪਗ 350 ਅਫਸਰ ਤੇ ਸਿਵਲੀਅਨ ਸਟਾਫ ਭਰਤੀ ਕੀਤਾ ਗਿਆ ਹੈ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

ਸੰਪਾਦਕੀ

# ਕੈਨੇਡੀਅਨ ਸਿਆਸਤ ਤੇ ਪ੍ਰਸ਼ਾਸਨ ਵਿਚ ਚੀਨੀ ਦਖਲ ਚਿੰਤਾਜਨਕ

## ਚੀਨ ਨਾਲ ਸਬੰਧਾਂ ਲਈ ਵਧੇਰੇ ਸਾਵਧਾਨੀਆਂ ਵਰਤਣ ਲਈ ਜ਼ੋਰ

**ਸੁਖਵਿੰਦਰ ਸਿੰਘ ਚੋਹਲਾ**

ਪਿਛਲੇ ਮਹੀਨੇ ਇੰਡੋਨੇਸ਼ੀਆ ਵਿਚ ਜੀ-20 ਸਿਖਰ ਸੰਮੇਲਨ ਦੌਰਾਨ ਕੈਨੇਡੀਅਨ ਪ੍ਰਧਾਨ ਮੰਤਰੀ ਟਰੂਡੋ ਤੇ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਦਰਮਿਆਨ ਖਟਾਸ ਪੈਦਾ ਕਰਨ ਵਾਲੀਆਂ ਰਿਪੋਰਟਾਂ ਸਾਹਮਣੇ ਆਉਣ ਉਪਰੰਤ ਦੋਵਾਂ ਮੁਲਕਾਂ ਵਿਚਾਲੇ ਸਬੰਧਾਂ ਨੂੰ ਲੈਕੇ ਖਾਸੀ ਚਰਚਾ ਹੈ। ਚੀਨ ਦੇ ਕੈਨੇਡੀਅਨ ਰਾਜਨੀਤੀ ਵਿਚ ਦਖਲ ਦੀਆਂ ਖੁਫੀਆਂ ਰਿਪੋਰਟਾਂ ਜਾਹਰ ਹੋਣ ਕਾਰਣ ਟਰੂਡੋ ਸਰਕਾਰ ਵਿਰੋਧੀ ਪਾਰਟੀਆਂ ਦੇ ਨਿਸ਼ਾਨੇ ਤੇ ਹੈ। ਸੰਸਦ ਵਿਚ ਇਸ ਮੁੱਦੇ ਉਪਰ ਟਰੂਡੋ ਸਰਕਾਰ ਤੋ ਸਵਾਲ ਪੁੱਛੇ ਜਾ ਰਹੇ ਹਨ ਪਰ ਸਰਕਾਰ ਇਹਨਾਂ ਸਵਾਲਾਂ ਤੋ ਟਾਲਾ ਵਟਦੀ ਨਜ਼ਰ ਆਉਂਦੀ ਹੈ। ਬਾਲੀ, ਇੰਡੋਨੇਸ਼ੀਆ ਵਿਚ ਚੀਨੀ ਰਾਸ਼ਟਰਪਤੀ ਵਲੋਂ ਕੈਨੇਡੀਅਨ ਪ੍ਰਧਾਨ ਮੰਤਰੀ ਨੂੰ ਗੰਭੀਰਤਾ ਨਾਲ ਨਾ ਲੈਣ ਅਤੇ ਕਾਹਲੀ ਵਿਚ ਹੱਥ ਸੁਟਕੇ ਤੁਰਦੇ ਬਣ ਜਾਣ ਦੀਆਂ ਤਸਵੀਰਾਂ ਤੇ ਵੀਡੀਓ ਇਹ ਖੁਲਾਸਾ ਕਰਨ ਲਈ ਕਾਫੀ ਹਨ ਕਿ ਦੋਵਾਂ ਮੁਲਕਾਂ ਵਿਚਾਲੇ 2018 ਵਿਚ ਵਾਵੇ ਕੰਪਨੀ ਦੀ ਸੀਐਫਓ ਮੈਂਗ ਵੈਜੋ ਨੂੰ ਗ੍ਰਿਫਤਾਰ ਕੀਤੇ ਜਾਣ ਕਾਰਣ ਤੇ ਫਿਰ ਬਦਲੇ ਵਜੋ ਚੀਨ ਵਲੋਂ ਦੋ ਕੈਨੇਡੀਅਨ ਡਿਪਲੋਮੈਟਾਂ ਨੂੰ ਬੰਦੀ ਬਣਾਏ ਜਾਣ ਦਾ ਮਾਮਲਾ ਭਾਵੇ ਸੁਲਝ ਗਿਆ ਹੈ ਪਰ ਦੋਵਾਂ ਮੁਲਕਾਂ ਵਿਚਾਲੇ ਕੁੜੱਤਣ ਅਜੇ ਜਾਰੀ ਹੈ। ਹੁਣੇ ਜਿਹੇ ਇਕ ਖੁਫੀਆ ਰਿਪੋਰਟ ਵਿਚ ਇਹ ਖੁਲਾਸਾ ਹੋਇਆ ਹੈ ਕਿ ਚੀਨ ਨੇ ਕੈਨੇਡੀਅਨ ਮੈਟਰੋ ਸ਼ਹਿਰਾਂ ਵਿਚ ਬਾਕਾਇਦਾ ਆਪਣੇ ਖੁਫੀਆ ਸੈਂਟਰ ਸਥਾਪਿਤ ਕਰ ਰੱਖੇ ਹਨ ਜੋ ਕੈਨੇਡੀਅਨ-ਚੀਨੀ ਨਾਗਰਿਕਾਂ ਦੀਆਂ ਸਰਗਰਮੀਆਂ ਉਪਰ ਨੇੜਿਊ ਨਜ਼ਰ ਰੱਖਦੇ ਹਨ। ਇਸਤੋ ਪਹਿਲਾਂ ਇਹ ਖੁਲਾਸਾ ਹੋਇਆ ਸੀ ਕਿ ਚੀਨ ਨੇ ਕੈਨੇਡੀਅਨ ਰਾਜਨੀਤੀ ਵਿਚ ਸਿੱਧਾ ਦਖਲ਼ ਦਿੰਦਿਆਂ ਪਿਛਲ਼ੀਆਂ 2019 ਦੀਆਂ ਫੈਡਰਲ ਚੋਣਾਂ ਵਿਚ ਚੀਨੀ ਮੂਲ ਦੇ 11 ਕੈਨੇਡੀਅਨ ਐਮ ਪੀ ਨੂੰ ਚੋਣਾਂ ਵਾਸਤੇ ਫੰਡ ਮੁਹੱਈਆ ਕਰਵਾਇਆ ਸੀ। ਇਹਨਾਂ ਗੰਭੀਰ ਖੁਫੀਆ ਰਿਪੋਰਟਾਂ ਨੂੰ ਲੈਕੇ ਸੰਸਦ ਵਿਚ ਟਰੂਡੋ ਸਰਕਾਰ ਵਿਰੋਧੀ ਧਿਰਾਂ ਦੇ ਨਿਸ਼ਾਨੇ ਤੇ ਹੈ। ਫੈਡਰਲ ਕੰਸਰਵੇਟਿਵ ਆਗੂ ਪੀਅਰ ਪੋਲੀਵਰ ਨੇ ਟਰੂਡੋ ਨੂੰ ਸਵਾਲ ਕਰ ਰਹੇ ਹਨ ਕਿ ਉਹ ਇਹ ਸਪੱਸ਼ਟ ਕਰਨ ਕਿ ਕੀ ਉਨ੍ਹਾਂ ਨੂੰ ਕੈਨੇਡੀਅਨ ਚੋਣਾਂ ਵਿੱਚ ਚੀਨ ਦੇ ਕਿਸੇ ਵੀ ਦਖਲ ਬਾਰੇ ਅਧਿਕਾਰੀਆਂ ਦੁਆਰਾ ਜਾਣਕਾਰੀ ਦਿੱਤੀ ਗਈ ਸੀ ਕਿ ਨਹੀ।

**ਕੀ ਪ੍ਰਧਾਨ ਮੰਤਰੀ ਨੇ ਕੈਨੇਡੀਅਨ ਸੁਰੱਖਿਆ ਏਜੰਸੀ ਸੀਸਸ ਨੂੰ ਪੁੱਛਿਆ ਕਿ ਕੀ ਇਸ ਕਿਸਮ ਦੇ ਦੋਸ਼ਾਂ ਬਾਰੇ ਕੋਈ ਸਬੂਤ ਹਨ ਜਾਂ ਨਹੀਂ ?**

ਪ੍ਰਧਾਨ ਮੰਤਰੀ ਇਹਨਾਂ ਸਵਾਲਾਂ ਦੇ ਜਵਾਬ ਵਿਚ ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦੇਕੇ ਹੀ ਛੁਟਕਾਰਾ ਲੋੜਦੇ ਹਨ ਜਦੋਂਕਿ ਹਾਊਸ ਅਫੇਅਰਜ਼ ਬਾਰੇ ਕਾਮਨਜ਼ ਕਮੇਟੀ ਕੋਲ ਪੇਸ਼ ਕੀਤੇ ਗਏ ਦਸਤਾਵੇਜ਼ਾਂ ਤੋਂ ਪਤਾ ਲੱਗਦਾ ਹੈ ਕਿ ਟਰੂਡੋ ਨੂੰ ਜਨਵਰੀ 2020 ਅਤੇ ਫਰਵਰੀ 2021 ਵਿੱਚ ਵਿਦੇਸ਼ੀ ਦਖਲਅੰਦਾਜ਼ੀ ਬਾਰੇ ਜਾਣਕਾਰੀ ਦਿੱਤੀ ਗਈ ਸੀ। ਆਰਸੀਐਮਪੀ ਕਮਿਸ਼ਨਰ ਬਰੈਂਡਾ ਲੱਕੀ ਨੇ ਵੀ ਕਮੇਟੀ ਨੂੰ ਪੱਤਰ ਲਿਖਿਆ ਸੀ ਕਿ ਪੁਲਿਸ ਕੋਲ ਇਸ ਗੱਲ ਦਾ ਸਬੂਤ ਨਹੀਂ ਹੈ ਕਿ ਚੀਨੀ ਸਰਕਾਰ ਨੇ ਕੈਨੇਡੀਅਨ ਉਮੀਦਵਾਰਾਂ ਨੂੰ ਫੰਡ ਮੁਹੱਈਆ ਕਰਵਾਏ ਸਨ, ਪਰ ਉਹ ਵਿਦੇਸ਼ੀ ਦਖਲਅੰਦਾਜ਼ੀ ਦੇ ਵਿਆਪਕ ਮੁੱਦੇ ਦੀ ਜਾਂਚ ਕਰ ਰਹੇ ਹਨ। ਜਿਕਰਯੋਗ ਹੈ ਕਿ ਨਵੰਬਰ ਮਹੀਨੇ ਕੁਝ ਕੌਮੀ ਅਖਬਾਰਾਂ ਵਿਚ ਕੈਨੇਡੀਅਨ ਸਰਕਾਰ ਅਤੇ ਸਮਾਜ ਵਿੱਚ ਚੀਨੀ ਦਖਲਅੰਦਾਜੀ ਨੂੰ ਦਰਸਾਉਂਦੀ ਇੱਕ ਸਨਸਨੀਖੇਜ ਰਿਪੋਰਟ ਪ੍ਰਕਾਸ਼ਿਤ ਹੋਈ ਸੀ , ਜਿਸ ਵਿੱਚ ਕੈਨੇਡਾ ਦੇ ਚੀਨੀ ਡਾਇਸਪੋਰਾ ਭਾਈਚਾਰੇ ਦੇ ਦਫਤਰਾਂ ਵਿੱਚ ਏਜੰਟਾਂ ਨੂੰ ਲਗਾਉਣਾ, ਘੁਸਪੈਠ, ਨਿਗਰਾਨੀ ਅਤੇ ਨਿਯੰਤਰਣ ਦੇ ਯਤਨ ਸ਼ਾਮਲ ਹਨ। ਸਭ ਤੋਂ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ, ਕੈਨੇਡਾ ਦੀਆਂ 2019 ਦੀਆਂ ਆਮ ਚੋਣਾਂ ਵਿੱਚ ਘੱਟੋ-ਘੱਟ 11 ਫੈਡਰਲ ਉਮੀਦਵਾਰਾਂ ਨੂੰ ਇੱਕ ਗੁਪਤ ਨੈੱਟਵਰਕ ਫੰਡਿੰਗ ਦੇ ਨਾਲ ਅਨੇਕਾਂ ਚੀਨੀ ਸਮਰਥਕ ਕਾਰਕੁੰਨਾਂ ਨੇ ਉਮੀਦਵਾਰਾਂ ਲਈ ਕੰਪੇਨਿੰਗ ਸਟਾਫ ਵਜੋਂ ਵੀ ਕੰਮ ਕੀਤਾ। ਕੁਝ ਹਫ਼ਤੇ ਪਹਿਲਾਂ ਸੇਫਗਾਰਡ ਡਿਫੈਂਡਰਜ਼ ਨਾਮ ਦੀ ਇਕ ਸੰਸਥਾ ਨੇ ਇਹ ਖੁਲਾਸਾ ਕੀਤਾ ਕਿ ਚੀਨੀ ਸਰਕਾਰ ਵਲੋਂ ਵਿਦੇਸ਼ਾਂ ਵਿੱਚ ਚੀਨੀ ਮੂਲ ਦੇ ਨਾਗਰਿਕਾਂ ਦੀ ਨਿਗਰਾਨੀ ਕਰਨ ਦੀ ਇੱਕ ਵੱਡੀ ਪ੍ਰਣਾਲੀ ਦੇ ਹਿੱਸੇ ਵਜੋਂ, ਟੋਰਾਂਟੋ ਵਿੱਚ ਤਿੰਨ ਵਿਦੇਸ਼ੀ ਚੀਨੀ ਪੁਲਿਸ ਸੇਵਾ ਕੇਂਦਰ ਚਲਾ ਰਿਹਾ ਹੈ। ਇਸ ਤੋਂ ਇਲਾਵਾ, ਕੈਨੇਡੀਅਨ ਜ਼ਮੀਨ 'ਤੇ ਚੀਨੀ ਸੈਨਿਕਾਂ ਦੇ ਵਿਚਰਨ ਦੀਆਂ ਹੋਰ ਵੀ ਕਹਾਣੀਆਂ ਹਨ ਜੋ ਕੈਨੇਡੀਅਨ ਫੌਜ ਵਿਚ ਸਿਖਲਾਈ ਲੈਣ, ਕੈਨੇਡੀਅਨ ਤੇਲ ਅਤੇ ਰੀਅਲ ਅਸਟੇਟ ਵਿੱਚ ਵਿਆਪਕ ਚੀਨੀ ਨਿਵੇਸ਼ ਕਰਨ ਵਿਚ ਸ਼ਾਮਿਲ ਹਨ। (ਸਾਲ 2015 ਦੀ ਇਕ ਰਿਪੋਰਟ ਵਿੱਚ ਪਾਇਆ ਗਿਆ ਸੀ ਕਿ ਵੈਨਕੂਵਰ ਵਿੱਚ ਇੱਕ ਤਿਹਾਈ ਹਾਊਸਿੰਗ ਖਰੀਦਦਾਰੀ ਚੀਨੀ ਨਿਵੇਸ਼ਕਾਂ ਦੁਆਰਾ ਕੀਤੀ ਗਈ ਸੀ), ਚੀਨੀ ਸਟੇਟ ਬੈਂਕ ਦਾ ਕੈਨੇਡੀਅਨ ਧਰਤੀ 'ਤੇ ਕੰਮ ਕਰਨਾ, ਕੈਨੇਡੀਅਨ ਸਕੂਲਾਂ ਵਿਚ ਚੀਨੀ-ਸਮਰਥਖ ਸਿੱਖਿਆ ਪ੍ਰੋਗਰਾਮ, ਕੈਨੇਡੀਅਨ ਮਾਰਕੀਟ ਵਿਚ ਚੀਨੀ ਟੈਲੀਕਾਮ ਕੰਪਨੀਆਂ ਦਾ ਰੁਝਾਨ ( ਵਾਵੇ ਕੈਨੇਡਾ ਵਿਚ 1,500 ਕਰਮਚਾਰੀਆਂ ਦਾ ਕੰਮ ਕਰਨਾ), ਕੈਨੇਡੀਅਨ ਏਅਰਵੇਵਜ਼ ਤੋਂ ਇਲਾਵਾ ਚੀਨੀ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ ਚੀਨੀ ਟੀਵੀ ਚੈਨਲ, ਅਤੇ ਚੀਨੀ-ਕੈਨੇਡੀਅਨ ਅਖਬਾਰਾਂ ਰਾਹੀਂ ਬੀਜਿੰਗ-ਸਮਰਪਿਤ ਜਾਣਕਾਰੀ ਮੁਹੱਈਆ ਕਰਨਾ ਸ਼ਾਮਿਲ ਹਨ। ਜਿਕਰਯੋਗ ਹੈ ਕਿ ਚੀਨ ਹੁਣ ਤੱਕ ਕੈਨੇਡਾ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਬਣਿਆ ਰਿਹਾ ਹੈ। ਕੈਨੇਡੀਅਨ ਸਨਅਤ ਅਤੇ ਵਪਾਰ ਦਾ ਹਰ ਕੋਨਾ ਚੀਨੀ ਕੰਪਨੀਆਂ ਉਪਰ ਨਿਰਭਰ ਕਰਦਾ ਆ ਰਿਹਾ ਹੈ। ਪਰ ਹੁਣ ਕੋਵਿਡ ਮਹਾਂਮਾਰੀ ਅਤੇ ਚੀਨ ਦੇ ਕੈਨੇਡੀਅਨ ਸਿਆਸਤ ਵਿਚ ਦਖਲ ਦੀਆਂ ਖੁਫੀਆ ਰਿਪੋਰਟਾਂ ਦੇ ਖੁਲਾਸੇ ਉਪਰੰਤ ਬਹੁਤ ਕੁਝ ਬਦਲ ਗਿਆ ਹੈ। ਬਾਲੀ ਸਿਖਰ ਸੰਮੇਲਨ ਵਿਚ ਚੀਨੀ ਰਾਸ਼ਟਰਪਤੀ ਦੇ ਕੈਨੇਡੀਅਨ ਪ੍ਰਧਾਨ ਮੰਤਰੀ ਪ੍ਰਤੀ ਵਿਹਾਰ ਨੇ ਕੈਨੇਡੀਅਨ ਮਿੱਤਰ ਭਾਈਚਾਰੇ ਨੇ ਸਾਵਧਾਨੀ ਵਰਤਣ ਲਈ ਕਿਹਾ ਹੈ। ਪਿਛਲੇ ਦਿਨੀ ਕੈਨੇਡੀਅਨ ਵਿਦੇਸ਼ ਮੰਤਰੀ ਨੇ ਸ਼ਾਇਦ ਇਸੇ ਲਈ ਖੁਲਾਸਾ ਕੀਤਾ ਹੈ ਕਿ ਅਗਲੇ 5 ਸਾਲਾਂ ਲਈ ਕੈਨੇਡਾ ਪੈਸੀਫਿਕ ਵਪਾਰ ਲਈ ਭਾਵੇਂਕਿ 2.3 ਅਰਬ ਡਾਲਰ ਰੱਖੇ ਗਏ ਹਨ ਪਰ ਇਸਦੇ ਨਾਲ ਹੀ ਚੀਨ ਖਿਲਾਫ ਸਖਤ ਰੁਖ ਅਪਨਾਉਣ ਦੇ ਵੀ ਸੰਕੇਤ ਹਨ। ਵਿਦੇਸ਼ ਮਾਮਲਿਆਂ ਦੀ ਮੰਤਰੀ ਮੇਲਾਨੀ ਜੋਲੀ ਦਾ ਕਹਿਣਾ ਹੈ ਕਿ ਜਦੋਂ ਚੀਨ ਨਾਲ ਸਾਡੀ ਸ਼ਮੂਲੀਅਤ ਦੀ ਗੱਲ ਆਉਂਦੀ ਹੈ, ਤਾਂ ਅਸੀਂ ਸਪੱਸ਼ਟ ਹਾਂ ਕਿ ਅਸੀ ਆਪਣੇ ਰਾਸ਼ਟਰੀ ਹਿੱਤਾਂ ਅਤੇ ਕਦਰਾਂ ਕੀਮਤਾਂ ਨੂੰ ਤਰਜੀਹ ਦਿਆਂਗੇ। ਚੀਨ ਵਿਸ਼ਵ ਦੀ ਇਕ ਖਤਰਨਾਕ ਸ਼ਕਤੀ ਹੈ ਜਿਸਦੇ ਮੁਕਾਬਲੇ ਲਈ ਕੈਨੇਡਾ ਆਪਣੇ ਸਭ ਤੋ ਨੇੜਲੇ ਭਾਈਵਾਲ ਅਮਰੀਕਾ ਸਮੇਤ ਦੁਨੀਆ ਭਰ ਦੇ ਭਾਈਵਾਲਾਂ ਨਾਲ ਮਿਲਕੇ ਹੀ ਕੋਈ ਕਦਮ ਅੱਗੇ ਵਧਾਏਗਾ।









# ਦਿੱਲੀ ਨਗਰ ਨਿਗਮ ਦੀਆਂ ਚੋਣਾਂ ਵਿਚ ਆਪ ਨੂੰ ਮਿਲੀ ਸ਼ਾਨਦਾਰ ਜਿੱਤ

ਨਵੀਂ ਦਿੱਲੀ-ਆਮ ਆਦਮੀ ਪਾਰਟੀ (ਆਪ) ਨੇ ਦਿੱਲੀ ਨਗਰ ਨਿਗਮ ਵਿੱਚ ਭਾਜਪਾ ਦੀ 15 ਸਾਲ ਦੀ ਸੱਤਾ ਨੂੰ ਖ਼ਤਮ ਕਰਦੇ ਹੋਏ ਕੁੱਲ 250 ਵਾਰਡਾਂ ਵਿੱਚੋਂ 134 ਵਿੱਚ ਜਿੱਤ ਦੇ ਝੰਡੇ ਗੱਡੇ ਹਨ। ਭਾਜਪਾ ਨੂੰ 104 ਵਾਰਡਾਂ ਵਿੱਚ ਜਿੱਤ ਮਿਲੀ ਹੈ ਤੇ ਕਾਂਗਰਸ ਸਿਰਫ਼ 9 ਵਾਰਡਾਂ 'ਚ ਸਿਮਟ ਕੇ ਰਹਿ ਗਈ ਹੈ ਜਦੋਂ ਕਿ 3 ਆਜ਼ਾਦ ਉਮੀਦਵਾਰਾਂ ਨੇ ਜਿੱਤ ਦਰਜ ਕੀਤੀ ਹੈ, ਜਿਨ੍ਹਾਂ ਵਿੱਚ ਉੱਤਰ-ਪੂਰਬੀ ਦਿੱਲੀ ਦੇ ਸੀਲਮਪੁਰ ਤੋਂ ਸ਼ਕੀਲਾ ਬੇ.ਗਮ ਵੀ ਸ਼ਾਮਲ ਹੈ। ਨਿਗਮ ਚੋਣਾਂ ਲਈ 42 ਕੇਂਦਰਾਂ ਵਿੱਚ ਹੋਈ ਗਿਣਤੀ ਦੌਰਾਨ 'ਆਪ' ਨੇ ਬਹੁਮਤ ਲਈ ਲੋੜੀਂਦਾ 126 ਦਾ ਅੰਕੜਾ ਬਾਅਦ ਦੁਪਹਿਰ ਪਾਰ ਕਰ ਲਿਆ ਸੀ। ਹਾਲਾਂਕਿ ਵੋਟਾਂ ਦੀ ਗਿਣਤੀ ਦੌਰਾਨ ਸ਼ੁਰੂਆਤੀ ਰੁਝਾਨਾਂ ਵਿੱਚ ਭਾਜਪਾ ਅੱਗੇ ਨਿਕਲਦੀ ਦਿਖਾਈ ਦਿੱਤੀ ਸੀ। ਚੋਣ ਸਰਵੇਖਣਾਂ ਵਿੱਚ ਦਿੱਲੀ ਐੱਮਸੀਡੀ ਚੋਣਾਂ 'ਚ ਭਾਜਪਾ ਨੂੰ ਵੱਡੀ ਹਾਰ ਮਿਲਣ ਦੀ ਸੰਭਾਵਨਾ ਜਤਾਈ ਗਈ ਸੀ, ਪਰ ਭਗਵਾਂ ਪਾਰਟੀ 104 ਵਾਰਡਾਂ 'ਤੇ ਜਿੱਤ ਦਰਜ ਕਰਨ ਵਿੱਚ ਕਾਮਯਾਬ ਰਹੀ। ਐੱਮਸੀਡੀ ਚੋਣਾਂ ਵਿੱਚ 50.48 ਫੀਸਦੀ ਵੋਟਿੰਗ ਹੋਈ ਸੀ। ਇਸ ਸਾਲ ਦੇ ਸ਼ੁਰੂ ਵਿੱਚ ਦਿੱਲੀ ਨਗਰ ਨਿਗਮ ਦੇ ਮੁੜ ਏਕੀਕਰਨ ਤੋਂ ਬਾਅਦ ਇਹ ਪਹਿਲੀ ਚੋਣ ਸੀ। ਪੰਜ ਸਾਲ ਪਹਿਲਾਂ ਭਾਜਪਾ ਨੇ 270 ਮਿਉਂਸਿਪਲ ਵਾਰਡਾਂ ਵਿੱਚੋਂ 181 ਜਿੱਤੇ ਸਨ, ਜਦੋਂ ਕਿ 'ਆਪ' ਦੇ ਹਿੱਸੇ 48 ਵਾਰਡ ਆਏ ਸਨ। ਕਾਂਗਰਸ ਉਦੋਂ 30 ਵਾਰਡਾਂ ਨਾਲ ਤੀਜੇ ਸਥਾਨ 'ਤੇ ਰਹੀ ਸੀ। ਸਰਕਾਰ ਮਗਰੋਂ ਹੁਣ ਨਗਰ ਨਿਗਮ ਦੀ ਕਮਾਨ ਸੰਭਾਲਣ ਜਾ ਰਹੀ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਚੋਣ ਨਤੀਜਿਆਂ ਮਗਰੋਂ ਪਾਰਟੀ ਹੈੱਡਕੁਆਟਰ ਦੀ ਛੱਤ ਤੋਂ 'ਆਪ' ਕਾਰਕੁਨਾਂ ਤੇ ਆਗੂਆਂ ਨੂੰ ਸੰਬੋਧਨ ਕੀਤਾ।



# ਪੰਜਾਬ 'ਚ ਮੈਰਜ ਪੈਲਸਾਂ ਦੇ ਬਾਹਰ ਪੁਲਿਸ ਨੂੰ ਨਾਕੇ ਲਗਾਉਣ ਦੀ ਹਦਾਇਤ

ਚੰਡੀਗੜ੍ਹ-ਪੰਜਾਬ ਸਰਕਾਰ ਨੇ ਵਿਆਹ ਸਮਾਗਮਾਂ ਵਿੱਚ ਸ਼ਰਾਬ ਪੀਣ ਤੋਂ ਬਾਅਦ ਵਾਹਨ ਚਲਾਉਣ ਵਾਲਿਆਂ ਖ਼ਿਲਾਫ਼ ਸਖਤੀ ਕਰ ਦਿੱਤੀ ਹੈ। ਸਰਕਾਰ ਨੇ ਪੰਜਾਬ ਪੁਲੀਸ ਨੂੰ ਮੈਰਿਜ ਪੈਲੇਸਾਂ ਅੱਗੇ ਨਾਕੇ ਲਗਾ ਕੇ ਵਿਆਹ ਸਮਾਗਮਾਂ ਵਿੱਚ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ ਹਨ। ਮੁੱਖ ਮੰਤਰੀ ਭਗਵੰਤ ਮਾਨ ਦੇ ਆਦੇਸ਼ਾਂ ਤੋਂ ਬਾਅਦ ਸੂਬੇ ਦੇ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਇਹ ਹੁਕਮ ਜਾਰੀ ਕੀਤੇ ਹਨ। ਮੁੱਖ ਸਕੱਤਰ ਨੇ ਡਾਇਰੈਕਟਰ ਜਨਰਲ ਆਫ਼ ਪੁਲੀਸ ਨੂੰ ਪੱਤਰ ਲਿਖ ਕੇ ਤੁਰੰਤ ਪ੍ਰਭਾਵ ਨਾਲ ਕਾਰਵਾਈ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਹਰ ਸੋਮਵਾਰ ਨੂੰ ਪੂਰੇ ਹਫ਼ਤੇ ਦੀ ਰਿਪੋਰਟ ਪੰਜਾਬ ਸਰਕਾਰ ਨੂੰ ਭੇਜੀ ਜਾਵੇ। ਮੁੱਖ ਸਕੱਤਰ ਨੇ ਆਪਣੇ ਆਦੇਸ਼ਾਂ ਵਿੱਚ ਖਦਸ਼ਾ ਜਤਾਇਆ ਹੈ ਕਿ ਸਰਦੀਆਂ 'ਚ ਵਿਆਹ ਸਮਾਗਮਾਂ ਦੌਰਾਨ ਸ਼ਰਾਬ ਪੀਣ ਦਾ ਚਲਣ ਵਧ ਜਾਂਦਾ ਹੈ ਅਤੇ ਸਮਾਗਮ ਵਿੱਚ ਸ਼ਰਾਬ ਪੀਣ ਤੋਂ ਬਾਅਦ ਧੁੰਦ ਕਰਕੇ ਸੜਕੀ ਹਾਦਸਿਆਂ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਮੈਰਿਜ ਪੈਲੇਸਾਂ ਦੇ ਬਾਹਰ ਨਾਕੇਬੰਦੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸ਼ਰਾਬ ਪੀਣ ਤੋਂ ਬਾਅਦ ਵਾਹਨ ਚਲਾਉਣ ਸਮੇਂ ਹੋਣ ਵਾਲੇ ਸੜਕ ਹਾਦਸਿਆਂ 'ਤੇ ਨੱਥ ਪਾਉਣ ਲਈ ਇਹ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ ਤਾਂ ਜੋ ਲੋਕਾਂ ਨੂੰ ਸੁਰੱਖਿਅਤ ਘਰ ਪਹੁੰਚਦਾ ਕੀਤਾ ਜਾ ਸਕੇ। ਪੰਜਾਬ ਸਰਕਾਰ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਡੀਜੀਪੀ ਗੌਰਵ ਯਾਦਵ ਨੇ ਸੂਬੇ ਦੇ ਐੱਸਐੱਸਪੀਜ਼ ਨੂੰ ਆਦੇਸ਼ ਕੀਤੇ ਕਿ ਮੈਰਿਜ ਪੈਲੇਸਾਂ ਅੱਗੇ ਨਾਕਾਬੰਦੀ ਕੀਤੀ ਜਾਵੇ। ਉਨ੍ਹਾਂ ਪੁਲੀਸ ਅਧਿਕਾਰੀਆਂ ਨੂੰ ਕਿਹਾ ਕਿ ਉਹ ਮੈਰਿਜ ਪੈਲੇਸਾਂ ਦੇ ਬਾਹਰ ਨਾਕੇਬੰਦੀ ਦੀ ਹਫਤਾਵਰੀ ਰਿਪੋਰਟ ਤਿਆਰ ਕਰਨ ਜੋ ਅੱਗੇ ਸਰਕਾਰ ਨੂੰ ਭੇਜੀ ਜਾਵੇਗੀ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਹਰ ਸਾਲ ਸਰਦੀਆਂ ਦੇ ਮੌਸਮ ਵਿੱਚ ਧੁੰਦ ਕਰਕੇ ਵੱਡੀ ਗਿਣਤੀ 'ਚ ਸੜਕ ਹਾਦਸੇ ਵਾਪਰਦੇ ਹਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਸੜਕ ਹਾਦਸੇ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਕਾਰਨ ਹੁੰਦੇ ਹਨ। ਇਸੇ ਲਈ ਸਰਕਾਰ ਨੇ ਵਿਆਹ ਸਮਾਗਮਾਂ ਵਿੱਚ ਸ਼ਰਾਬ ਪੀ ਕੇ ਵਾਹਨ ਚਲਾਉਣ ਵਾਲਿਆਂ ਖ਼ਿਲਾਫ਼ ਸਖਤੀ ਕਰ ਦਿੱਤੀ ਹੈ।



# ਕਿੰਗ ਚਾਰਲਸ ਤੀਸਰੇ 'ਤੇ ਕਥਿਤ ਰੂਪ 'ਚ ਅੰਡਾ ਸੁੱਟਣ ਪਿੱਛੋਂ ਇਕ ਗ੍ਰਿਫ਼ਤਾਰ

ਲੰਡਨ-ਟਾਊਨ ਸੈਂਟਰ ਦੇ ਦੌਰੇ ਦੌਰਾਨ ਕਿੰਗ ਚਾਰਲਸ ਤੀਸਰੇ ਵੱਲ ਕਥਿਤ ਰੂਪ ਵਿਚ ਅੰਡਾ ਸੁੱਟੇ ਜਾਣ ਪਿੱਛੋਂ ਹਮਲੇ ਦੇ ਸ਼ੱਕ ਵਿਚ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਬੈੱਡਸ਼੍ਾਇਰ ਪੁਲਿਸ ਨੇ ਦੱਸਿਆ ਕਿ 20 ਦੇ ਦਹਾਕੇ ਦੇ ਇਸ ਵਿਅਕਤੀ ਤੋਂ ਆਮ ਹਮਲੇ ਬਾਰੇ ਪੁੱਛਗਿੱਛ ਕੀਤੀ ਜਾ ਰਹੀ ਸੀ। ਚਾਰਲਸ ਲੰਡਨ ਤੋਂ 46 ਕਿਲੋਮੀਟਰ ਦੂਰ ਲਿਊਟਨ ਵਿਚ ਟਾਊਨ ਹਾਲ ਦੇ ਬਾਹਰ ਲੋਕਾਂ ਨਾਲ ਮੁਲਾਕਾਤ ਕਰ ਰਹੇ ਸੀ ਜਦੋਂ ਅੰਡਾ ਕਥਿਤ ਰੂਪ ਵਿਚ ਸੁੱਟਿਆ ਗਿਆ। ਉਸ ਦੇ ਸੁਰੱਖਿਆ ਗਾਰਡ ਉਸ ਨੂੰ ਤੁਰੰਤ ਵੱਖਰੇ ਖੇਤਰ ਵੱਲ ਲੈ ਗਏ ਜਿਥੇ ਉਨ੍ਹਾਂ ਨੇ ਆਮ ਲੋਕਾਂ ਨਾਲ ਫਿਰ ਹੱਥ ਮਿਲਾਉਣਾ ਸ਼ੁਰੂ ਕਰ ਦਿੱਤਾ। ਆਪਣੀ ਮਾਂ ਮਹਾਰਾਣੀ ਐਲਿਜ਼ਾਬੈਥ ਦੂਸਰੀ ਦੀ ਮੌਤ ਪਿੱਛੋਂ ਰਾਜਾ ਬਣਨ ਪਿੱਛੋਂ ਚਾਰਲਸ ਸਮੁੱਚੇ ਬ੍ਰਿਟੇਨ ਦੀ ਯਾਤਰਾ ਕਰ ਰਿਹਾ ਹੈ। ਉਨ੍ਹਾਂ ਨੇ ਟਰਾਂਜ਼ਿਟ ਸਟੇਸ਼ਨ ਦਾ ਦੌਰਾ ਕੀਤਾ ਅਤੇ ਗੁਰਦੁਆਰਾ ਸਾਹਿਬ ਵਿਖੇ ਵੀ ਗਏ। ਪਿਛਲੇ ਮਹੀਨੇ ਨੌਰਦਰਨ ਇੰਗਲੈਂਡ ਵਿਚ ਯਾਰਕ ਦੀ ਯਾਤਰਾ ਦੌਰਾਨ 23 ਸਾਲਾ ਇਕ ਵਿਅਕਤੀ ਨੂੰ ਚਾਰਲਸ ਤੇ ਉਨ੍ਹਾਂ ਦੀ ਪਤਨੀ ਕੈਮਿਲਾ 'ਤੇ ਅੰਡੇ ਸੁੱਟਣ ਪਿੱਛੋਂ ਗ੍ਰਿਫਤਾਰ ਕਰ ਲਿਆ ਸੀ। ਇਹ ਵਿਅਕਤੀ ਬਾਅਦ ਵਿਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਸੀ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੈਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)

ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca


ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।




604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਹਿਰੀ ਮੌਕਾ


• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਹਿਮਾਚਲ 'ਚ 'ਰਿਵਾਜ ਨਹੀਂ ਰਾਜ ਬਦਲਿਆ' ਕਾਂਗਰਸ ਨੂੰ ਮਿਲਿਆ ਸਪੱਸ਼ਟ ਬਹੁਮਤ

ਸਫ਼ਾ 1 ਦੀ ਬਾਕੀ

ਜਦੋਂਕਿ ਸੱਤ ਹੋਰਨਾਂ ਸੀਟਾਂ 'ਤੇ ਉਸ ਦੇ ਉਮੀਦਵਾਰ ਅੱਗੇ ਸਨ। ਇਸ ਦੌਰਾਨ ਤਿੰਨ ਅਜ਼ਾਦ ਉਮੀਦਵਾਰ ਵੀ ਜੇਤੂ ਰਹੇ। ਸਾਰੀਆਂ ਸੀਟਾਂ ਤੋਂ ਚੋਣ ਲੜਨ ਵਾਲੀ ਆਮ ਆਦਮੀ ਪਾਰਟੀ ਖਾਤਾ ਖੋਲ੍ਹਣ ਵਿੱਚ ਵੀ ਨਕਾਮ ਰਹੀ। ਇਸ ਦੌਰਾਨ ਕਾਂਗਰਸ ਨੇ ਚੋਣ ਨਤੀਜਿਆਂ ਮਗਰੋਂ ਆਪਣੇ ਨਵੇਂ ਚੁਣੇ ਵਿਧਾਇਕਾਂ ਦੀ ਚੰਡੀਗੜ੍ਹ ਵਿੱਚ ਮੀਟਿੰਗ ਕਰਕੇ ਕਾਂਗਰਸ ਪ੍ਰਧਾਨ ਨੂੰ ਪਾਰਟੀ ਵਿਧਾਇਕ ਦਲ ਦਾ ਆਗੂ ਚੁਣਨ ਦੇ ਅਧਿਕਾਰ ਦਿੱਤੇ ਹਨ। ਕਾਂਗਰਸ ਆਗੂ ਰਾਹੁਲ ਗਾਂਧੀ ਨੇ ਪਾਰਟੀ ਨੂੰ ਮਿਲੀ 'ਫੈਸਲਾਕੁਨ ਜਿੱਤ' ਲਈ ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੂੰ ਵਧਾਈ ਦਿੰਦਿਆਂ ਯਕੀਨ ਦਿਵਾਇਆ ਕਿ ਪਾਰਟੀ ਵੱਲੋਂ ਕੀਤਾ ਹਰ ਵਾਅਦਾ ਪੂਰਾ ਕੀਤਾ ਜਾਵੇਗਾ। ਉਧਰ ਮੁੱਖ ਮੰਤਰੀ ਜੈਰਾਮ ਠਾਕੁਰ ਨੇ ਲੋਕਾਂ ਵੱਲੋਂ ਦਿੱਤੇ ਫ਼ਤਵੇ ਦਾ ਸਤਿਕਾਰ ਕਰਦੇ ਹੋਏ ਆਪਣਾ ਅਸਤੀਫ਼ਾ ਰਾਜਪਾਲ ਨੂੰ ਸੌਂਪ ਦਿੱਤਾ ਹੈ। ਅਧਿਕਾਰਤ ਸੂਤਰਾਂ ਮੁਤਾਬਕ ਰਾਜਪਾਲ ਰਾਜੇਂਦਰ ਵਿਸ਼ਵਨਾਥ ਆਰਲੇਕਰ ਨੇ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ। ਠਾਕੁਰ ਨੇ ਕਿਹਾ, "ਅਸੀਂ ਵੰਡਪਾਊ ਸਿਆਸਤ ਤੋਂ ਉਪਰ ਉੱਠ ਕੇ ਉਸਾਰੂ ਹਮਾਇਤ ਦੇਵਾਂਗੇ, ਪਰ ਜਿੱਥੇ ਸਾਨੂੰ ਲੱਗੇਗਾ ਕਿ ਰਾਜ ਦੇ ਹਿੱਤਾਂ ਦੀ ਸੁਰੱਖਿਆ ਨਹੀਂ ਹੋ ਰਹੀ, ਉਥੇ ਅਸੀਂ ਇਨ੍ਹਾਂ ਮੁੱਦਿਆਂ ਨੂੰ ਲੋਕਾਂ ਅੱਗੇ ਰੱਖਾਂਗੇ।" ਠਾਕੁਰ ਨੇ ਆਸ ਜਤਾਈ ਕਿ ਨਵੀਂ ਸਰਕਾਰ ਆਪਣੇ ਵਾਅਦਿਆਂ ਨੂੰ ਪੁਗਾਏਗੀ। ਕਾਬਿਲੇਗੌਰ ਹੈ ਕਿ ਭਾਜਪਾ ਨੇ ਹਿਮਾਚਲ ਵਿੱਚ ਐਤਕੀਂ 'ਰਾਜ ਨਹੀਂ, ਰਿਵਾਜ ਬਦਲੇਗਾ' ਦਾ ਨਾਅਰਾ ਦਿੱਤਾ ਸੀ, ਜਿਸ ਨੂੰ ਸੂਬੇ ਦੇ ਲੋਕਾਂ ਨੇ ਰੱਦ ਕਰ ਦਿੱਤਾ। ਸੱਤਾ ਵਿਰੋਧੀ ਲਹਿਰ ਕਰਕੇ ਸਾਲ 1985 ਤੋਂ ਕੋਈ ਵੀ ਸਰਕਾਰ ਮੁੜ ਸੱਤਾ ਵਿੱਚ ਵਾਪਸੀ ਨਹੀਂ ਕਰ ਸਕੀ, ਜਿਸ ਕਰ ਕੇ ਹਰ ਪੰਜ ਸਾਲ ਬਾਅਦ ਪਹਾੜੀ ਰਾਜ ਵਿੱਚ ਸੱਤਾ ਤਬਦੀਲੀ ਹੁੰਦੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਹਾੜੀ ਰਾਜ ਦੇ ਵੋਟਰਾਂ ਵੱਲੋਂ ਦਿੱਤੀ ਹਮਾਇਤ ਤੇ ਪਿਆਰ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸੂਬੇ ਦੇ ਲੋਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਅਤੇ ਉਨ੍ਹਾਂ ਦੇ ਮੁੱਦੇ ਚੁੱਕਣ ਲਈ ਕੰਮ ਕਰੇਗੀ। ਕਾਂਗਰਸ ਨੇ ਚੋਣ ਪ੍ਰਚਾਰ ਦੌਰਾਨ ਹਿਮਾਚਲ ਦੇ ਲੋਕਾਂ ਨਾਲ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਨੌਜਵਾਨਾਂ ਨੂੰ ਰੁਜ਼ਗਾਰ ਸਮੇਤ ਹੋਰ ਕਈ ਵਾਅਦੇ ਕੀਤੇ ਸਨ। ਜੈਰਾਮ ਠਾਕੁਰ ਮੰਡੀ ਜ਼ਿਲ੍ਹੇ ਦੀ ਸਿਰਾਜ ਸੀਟ ਤੋਂ ਜਿੱਤਣ ਵਿੱਚ ਸਫ਼ਲ ਰਹੇ ਜਦੋਂਕਿ ਸੁਰੇਸ਼ ਭਾਰਦਵਾਜ, ਰਾਮ ਲਾਲ ਮਾਰਕੰਡਾ ਤੇ ਸੁਰਵੀਨ ਚੌਧਰੀ ਸਣੇ ਉਨ੍ਹਾਂ ਦੇ ਕਈ ਮੰਤਰੀ ਚੋਣ ਹਾਰ ਗਏ। ਸਾਬਕਾ ਕੇਂਦਰੀ ਮੰਤਰੀ ਸੁਖ ਰਾਮ ਦਾ ਪੁੱਤਰ ਅਨਿਲ ਸ਼ਰਮਾ ਮੰਡੀ ਸਦਰ ਤੋਂ ਭਾਜਪਾ ਲਈ ਮੁੜ ਸੀਟ ਜਿੱਤਣ ਵਿੱਚ ਕਾਮਯਾਬ ਰਿਹਾ। ਭਾਜਪਾ ਉਮੀਦਵਾਰ ਡੀ.ਐੱਸ.ਠਾਕੁਰ ਨੇ ਡਲਹੌਜ਼ੀ ਤੋਂ ਛੇ ਵਾਰ ਦੀ ਕਾਂਗਰਸੀ ਵਿਧਾਇਕ ਆਸ਼ਾ ਕੁਮਾਰੀ ਨੂੰ 9918 ਵੋਟਾਂ ਦੇ ਫ਼ਰਕ ਨਾਲ ਹਰਾਇਆ। ਆਸ਼ਾ ਕੁਮਾਰੀ ਕਾਂਗਰਸ ਦੇ ਮੁੱਖ ਮੰਤਰੀ ਉਮੀਦਵਾਰਾਂ 'ਚੋਂ ਇਕ ਸੀ। ਤਿੰਨ ਆਜ਼ਾਦ ਉਮੀਦਵਾਰਾਂ ਵਿਚੋਂ ਹੁਸ਼ਿਆਰ ਸਿੰਘ ਦੇਹਰਾ ਤੋਂ ਅਤੇ ਕੇ.ਐੱਲ.ਠਾਕੁਰ ਨਾਲਾਗੜ੍ਹ ਸੀਟ ਤੋਂ ਜਿੱਤ ਗ?। ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਵੀਰਭੱਦਰ ਸਿੰਘ ਦਾ ਪੁੱਤਰ ਤੇ ਸ਼ਿਮਲਾ (ਰੂਰਲ) ਤੋਂ ਮੌਜੂਦਾ ਕਾਂਗਰਸੀ ਵਿਧਾਇਕ ਵਿਕਰਮਾਦਿੱਤਿਆ ਸਿੰਘ ਵੀ ਆਪਣੀ ਸੀਟ ਕੱਢਣ ਵਿੱਚ ਸਫ਼ਲ ਰਿਹਾ। ਸਿੰਘ ਨੇ ਭਾਜਪਾ ਦੇ ਰਵੀ ਕੁਮਾਰ ਮਹਿਤਾ ਨੂੰ 13,860 ਵੋਟਾਂ ਨਾਲ ਹਰਾਇਆ। ਕਾਂਗਰਸ ਦੇ ਹਿਮਾਚਲ ਪ੍ਰਦੇਸ਼ ਮਾਮਲਿਆਂ ਦੇ ਇੰਚਾਰਜ ਰਾਜੀਵ ਸ਼ੁਕਲਾ ਨੇ ਕਿਹਾ ਕਿ ਪਾਰਟੀ ਸੂਬੇ ਵਿੱਚ ਸਰਕਾਰ ਬਣਾਉਣ ਦੇ ਮਿਲੇ ਮੌਕੇ ਤੋਂ ਖ਼ੁਸ਼ ਹੈ। ਸ਼ੁਕਲਾ ਨੇ ਕਿਹਾ ਕਿ ਪ੍ਰਿਯੰਕਾ ਗਾਂਧੀ ਨੇ ਪਹਾੜੀ ਰਾਜ ਵਿੱਚ ਚੋਣ ਪ੍ਰਚਾਰ ਦੀ ਕਮਾਨ ਖੁ?ਦ ਆਪਣੇ ਹੱਥਾਂ ਵਿੱਚ ਲਈ। ਉਨ੍ਹਾਂ ਗਾਂਧੀ ਦੇ ਯੋਗਦਾਨ ਨੂੰ ਸਰਾਹਿਆ।



# ਭਾਜਪਾ ਨੇ ਗੁਜਰਾਤ ਵਿਚ ਲਗਾਤਾਰ 7ਵੀਂ ਵਾਰ ਜਿੱਤ ਦੇ ਝੰਡੇ ਗੱਡੇ

ਸਫ਼ਾ 1 ਦੀ ਬਾਕੀ

ਇਸ ਤੋਂ ਪਹਿਲਾਂ ਗੁਜਰਾਤ ਵਿੱਚ ਹੁਣ ਤੱਕ ਸਭ ਤੋਂ ਵੱਧ 149 ਸੀਟਾਂ ਜਿੱਤਣ ਦਾ ਰਿਕਾਰਡ ਕਾਂਗਰਸ ਦੇ ਨਾਂ ਸੀ। ਕਾਂਗਰਸ ਨੇ 1985 ਵਿੱਚ ਮਾਧਵਸਿੰਹ ਸੋਲੰਕੀ ਦੀ ਅਗਵਾਈ ਵਿੱਚ ਇਹ ਕਮਾਲ ਕਰ ਵਿਖਾਇਆ ਸੀ। ਕਾਂਗਰਸ ਦਾ ਵੋਟ ਸ਼ੇਅਰ 28 ਫੀਸਦ ਦੇ ਕਰੀਬ ਰਿਹਾ ਤੇ 'ਆਪ' ਨੇ ਮੁੱਖ ਤੌਰ 'ਤੇ ਉਸ ਦੇ ਵੋਟ ਬੈਂਕ ਨੂੰ ਖੋਰਾ ਲਾਇਆ। ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਗੁਜਰਾਤ ਦੇ ਮੁੱਖ ਮੰਤਰੀ ਭੁਪੇਂਦਰ ਪਟੇਲ ਨੇ ਪਾਰਟੀ ਦੀ 'ਇਤਿਹਾਸਕ ਜਿੱਤ' ਦਾ ਸਿਹਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਰ ਬੰਨ੍ਹਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਗੁਜਰਾਤ ਵਿੱਚ ਚੋਣ ਪ੍ਰਚਾਰ ਦੌਰਾਨ 31 ਚੋਣ ਰੈਲੀਆਂ ਕੀਤੀਆਂ ਸਨ ਤੇ ਸੂਬੇ ਵਿੱਚ ਲਗਪਗ 50 ਕਿਲੋਮੀਟਰ ਲੰਮਾ ਰੋਡ ਸ਼ੋਅ ਕੱਢਦਿਆਂ ਦਰਜਨ ਤੋਂ ਵੱਧ ਵਿਧਾਨ ਸਭਾ ਹਲਕਿਆਂ ਨੂੰ ਕਵਰ ਕੀਤਾ ਸੀ। 'ਆਪ' ਤੇ ਕਾਂਗਰਸ ਨਾਲ ਤਿੰਨ ਧਿਰੀ ਮੁਕਾਬਲੇ ਵਿੱਚ ਭਾਜਪਾ ਨੇ ਬਹੁਮੱਤ ਲਈ ਲੋੜੀਂਦੇ ਤਿੰਨ ਚੌਥਾਈ ਅੰਕੜੇ ਨੂੰ ਸੌਖਿਆਂ ਹੀ ਪਾਰ ਕਰ ਲਿਆ। ਭਾਜਪਾ, ਜੋ ਪਿਛਲੇ 27 ਸਾਲਾਂ (1995 ਤੋਂ) ਤੋਂ ਗੁਜਰਾਤ ਦੀ ਸੱਤਾ ਵਿੱਚ ਹੈ, ਨੇ ਪੱਛਮੀ ਬੰਗਾਲ ਵਿੱਚ ਖੱਬੇ-ਪੱਖੀ ਫਰੰਟ ਵੱਲੋਂ ਲਗਾਤਾਰ ਸੱਤ ਵਾਰ ਸਰਕਾਰ ਬਣਾਉਣ ਦੇ ਰਿਕਾਰਡ ਦੀ ਬਰਾਬਰੀ ਕੀਤੀ ਹੈ। ਸੀਪੀਐੱਮ ਦੀ ਅਗਵਾਈ ਵਾਲੇ ਫਰੰਟ ਨੇ 1977 ਤੋਂ 2011 ਤੱਕ ਪੂਰਬੀ ਰਾਜ ਵਿੱਚ 34 ਸਾਲ ਰਾਜ ਕੀਤਾ ਸੀ।

**ਗੁਜਰਾਤ ਚੋਣ ਨਤੀਜਾ**

| ਕੁੱਲ ਸੀਟਾਂ | ਭਾਜਪਾ | ਕਾਂਗਰਸ | 'ਆਪ' | ਹੋਰ |
|---|---|---|---|---|
| 182 | 156 | 17 | 05 | 04 |

BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping

Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC

REAL ESTATE BUY & SELL
KULWANT ATWAL 604-716-2135
MORTGAGES 1st, 2nd or Private
BHAJAN ATWAL 604-773-8426
BUILD WITH WARRANTY
BUILD, SUPPORT & ADVICE TEAM WORK
604-773-8426
604-594-7592

Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:

amex A Mark of EXcellence
CENTUM
You Will Save Thousands Thousands Dollars
Buy With Us: Get Full Support
Sell With Us: Save Money
Build With Us: Warranty & Support
"Pre-Register Your House To Sell & Save Thousands Dollars & Guaranteed Sold"
RESIDENTIAL
CONSTRUCTION
COMMERCIAL
NEW IMMIGRANTS
SELF EMPLOYED
PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply
Real Estate, Mortgage, Build & Warranty, Private Mortgages
604-716-2135 604-773-8426

ਸਟ੍ਰੋਕ ਇੱਕ ਡਾਕਟਰੀ ਐਮਰਜੈਂਸੀ ਹੈ, ਮਹਾਂਮਾਰੀ ਵਿੱਚ ਵੀ, 9-1-1 ਤੇ ਕਾਲ ਕਰੋ।
ਸਟਰੋਕ ਦੇ ਲੱਛਣਾਂ ਬਾਰੇ ਸਿੱਖੋ
Face ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?
Arms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?
Speech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?
Time ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫ਼ੋਨ ਕਰੋ!
ਜੇ ਸਟਰੋਕ ਦੇ ਲੱਛਣ ਵੇਖਦੇ ਹੋ ਤਾਂ ਜਲਦੀ 9-1-1 ਨੂੰ ਫੋਨ ਕਰੋ
heartandstroke.ca/Punjabi
Heart &Stroke™
With the support of BRITISH COLUMBIA
© Heart and Stroke Foundation of Canada, 2020 | ™The heart and / Icon on its own or followed by another icon or words are trademarks of the Heart and Stroke Foundation of Canada.

# ਸਿੱਧੂ ਮੂਸੇਵਾਲਾ ਕਤਲ ਕੇਸ 'ਚ ਬੱਬੂ ਮਾਨ ਅਤੇ ਮਨਕੀਰਤ ਔਲਖ ਤੋਂ ਪੁੱਛਗਿੱਛ

ਮਾਨਸਾ-ਸਥਾਨਕ ਪੁਲੀਸ ਨੇ ਪੰਜਾਬੀ ਗਾਇਕਾਂ ਬੱਬੂ ਮਾਨ ਅਤੇ ਮਨਕੀਰਤ ਔਲਖ ਤੋਂ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿੱਚ ਪੰਜ ਘੰਟੇ ਤੋਂ ਵੱਧ ਸਮੇਂ ਤੱਕ ਪੁੱਛ-ਪੜਤਾਲ ਕੀਤੀ। ਦੋਵੇਂ ਗਾਇਕ ਦੁਪਹਿਰ ਸਮੇਂ ਮਾਨਸਾ ਸਥਿਤ ਸੀਆਈਏ ਥਾਣੇ ਪੁੱਜੇ। ਸੀਨੀਅਰ ਪੁਲੀਸ ਕਪਤਾਨ ਡਾ. ਨਾਨਕ ਸਿੰਘ ਨੇ ਦੱਸਿਆ ਕਿ ਮਾਨ ਅਤੇ ਔਲਖ ਤੋਂ ਮੂਸੇਵਾਲਾ ਕਤਲ ਕੇਸ ਸਬੰਧੀ ਪੁੱਛ-ਪੜਤਾਲ ਕੀਤੀ ਗਈ। ਉਨ੍ਹਾਂ ਦੱਸਿਆ ਕਿ ਦੋਨੋਂ ਗਾਇਕਾਂ ਤੋਂ ਲੋੜ ਪੈਣ 'ਤੇ ਮੁੜ ਪੁੱਛ-ਪੜਤਾਲ ਕੀਤੀ ਜਾ ਸਕਦੀ ਹੈ। ਜਾਣਕਾਰੀ ਅਨੁਸਾਰ ਪੁਲੀਸ ਨੇ ਬੱਬੂ ਮਾਨ ਅਤੇ ਸਿੱਧੂ ਮੂਸੇਵਾਲਾ ਦੀ ਆਪਸੀ ਤਕਰਾਰ ਦੇ ਸਬੰਧ ਵਿੱਚ ਪੁੱਛ-ਪੜਤਾਲ ਕੀਤੀ। ਪੁਲੀਸ ਨੇ ਇਨ੍ਹਾਂ ਦੋਨੋਂ ਗਾਇਕਾਂ ਤੋਂ ਵੱਖ-ਵੱਖ ਵੀ ਪੜਤਾਲ ਕੀਤੀ। ਇਹ ਪੁੱਛ-ਪੜਤਾਲ ਸੀਆਈਏ ਦੇ ਇੰਚਾਰਜ ਜਗਦੀਸ਼ ਕੁਮਾਰ ਸ਼ਰਮਾ ਸਮੇਤ ਹੋਰ ਉੱਚ ਅਧਿਕਾਰੀਆਂ ਵੱਲੋਂ ਕੀਤੀ ਗਈ। ਮੂਸੇਵਾਲਾ ਦੇ ਕਤਲ ਤੋਂ ਕੁੱਝ ਸਮਾਂ ਪਹਿਲਾਂ ਦੋਨੋਂ ਗਾਇਕਾਂ ਵਿਚਕਾਰ ਵਿਵਾਦ ਹੋ ਗਿਆ ਸੀ। ਸਿੱਧੂ ਮੂਸੇਵਾਲਾ ਨੇ ਬੱਬੂ ਮਾਨ ਦਾ ਨਾਮ ਲਏ ਬਿਨਾਂ ਲਾਈਵ ਹੋ ਕੇ ਆਪਣੀ ਗੱਲ ਰੱਖੀ ਸੀ ਅਤੇ ਇਸ ਮਾਮਲੇ ਵਿੱਚ ਦੋਨੋਂ ਗਾਇਕਾਂ ਦੇ ਪ੍ਰਸ਼ੰਸਕ ਵੀ ਇੱਕ-ਦੂਜੇ ਖਿਲਾਫ਼ ਸੋਸ਼ਲ ਮੀਡੀਆ 'ਤੇ ਆ ਗਏ ਸਨ। ਭਾਵੇਂ ਬੱਬੂ ਮਾਨ, ਮੂਸੇਵਾਲਾ ਦੇ ਨਾਲ ਆਨ-ਲਾਈਨ ਝਗੜਿਆਂ ਵਿੱਚ ਸ਼ਾਮਲ ਸੀ, ਪਰ ਮਨਕੀਰਤ ਔਲਖ ਦਾ ਨਾਮ ਪੰਜਾਬੀ ਗਾਇਕ ਦੇ ਕਤਲ ਨਾਲ ਸ਼ੁਰੂ ਤੋਂ ਹੀ ਜੁੜ ਗਿਆ ਸੀ ਅਤੇ ਇਸ ਕੇਸ ਦੇ ਮੁੱਖ ਮੁਲਜ਼ਮ ਗੈਂਗਸਟਰ ਲਾਰੈਂਸ





ਬਿਸ਼ਨੋਈ ਨਾਲ ਔਲਖ ਦੀਆਂ ਤਸਵੀਰਾਂ ਵਿਆਪਕ ਤੌਰ 'ਤੇ ਸਾਂਝੀਆਂ ਕੀਤੀਆਂ ਗਈਆਂ ਸਨ। ਇੱਥੋਂ ਤੱਕ ਕਿ ਬੰਬੀਹਾ ਗੈਂਗ ਨੇ ਔਲਖ 'ਤੇ ਕਤਲ ਦੀ ਸਾਜ਼ਿਸ਼ 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਹੈ ਅਤੇ ਮੂਸੇਵਾਲਾ ਦੇ ਕਤਲ ਦਾ ਬਦਲਾ ਲੈਣ ਲਈ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਹਾਲਾਂਕਿ, ਐਸਆਈਟੀ ਨੇ ਚਾਰਜਸ਼ੀਟ ਵਿੱਚ ਇਸ ਕਤਲ ਨੂੰ ਬਿਸ਼ਨੋਈ ਅਤੇ ਬੰਬੀਹਾ ਗੈਂਗ ਵਿਚਾਲੇ ਬਦਲੇ ਦੀ ਹੱਤਿਆ ਦੀ ਇੱਕ ਲੰਬੀ ਲੜੀ ਦਾ ਹਿੱਸਾ ਕਰਾਰ ਦਿੱਤਾ ਸੀ। ਇਸ ਵਿੱਚ ਸੰਗੀਤ ਉਦਯੋਗ ਨਾਲ ਜੁੜੇ ਕਿਸੇ ਵਿਅਕਤੀ ਦੀ ਸ਼ਮੂਲੀਅਤ ਦਾ ਕੋਈ ਜ਼ਿਕਰ ਨਹੀਂ ਸੀ। ਪੁਲੀਸ ਨੇ ਸੰਗੀਤ ਨਿਰਦੇਸ਼ਕ ਨਿਸ਼ਾਨ ਸਿੰਘ, ਜੋ ਕਿ ਇੱਕ ਸੀਨੀਅਰ ਪੁਲੀਸ ਅਧਿਕਾਰੀ ਦਾ ਪੁੱਤਰ ਹੈ ਅਤੇ ਮੁਕਤਸਰ ਜ਼ਿਲ੍ਹੇ ਦੇ ਪਿੰਡ ਭੰਗਚੜੀ ਦੇ ਦੋ ਵਸਨੀਕਾਂ ਨੂੰ ਵੀ ਸੰਮਨ ਕੀਤਾ ਹੈ। ਜ਼ਿਕਰਯੋਗ ਹੈ ਕਿ ਕੌਮੀ ਜਾਂਚ ਏਜੰਸੀ (ਐਨਆਈਏ) ਨੇ ਗੈਂਗਸਟਰ-ਗਾਇਕ ਸਿੰਡੀਕੇਟ ਦੀ ਜਾਂਚ ਦੇ ਸਬੰਧ ਵਿੱਚ ਨਵੀਂ ਦਿੱਲੀ ਵਿੱਚ ਏਜੰਸੀ ਦੇ ਹੈੱਡਕੁਆਰਟਰ ਵਿੱਚ ਗਾਇਕ ਦਿਲਪ੍ਰੀਤ ਢਿੱਲੋਂ, ਅਫਸਾਨਾ ਖਾਨ ਤੋਂ ਇਲਾਵਾ ਮਨਕੀਰਤ ਔਲਖ ਤੋਂ ਪੁੱਛ-ਪੜਤਾਲ ਕੀਤੀ ਸੀ। ਇਸ ਤੋਂ ਇਲਾਵਾ ਯੂਥ ਅਕਾਲੀ ਆਗੂ ਵਿੱਕੀ ਮਿੱਡੂਖੇੜਾ ਦੇ ਭਰਾ ਅਜੈਪਾਲ ਸਿੰਘ ਮਿੱਡੂਖੇੜਾ ਨੂੰ ਵੀ ਮਾਨਸਾ ਪੁਲੀਸ ਨੇ ਮੂਸੇਵਾਲਾ ਕਤਲ ਕੇਸ ਵਿੱਚ ਤਲਬ ਕੀਤਾ ਸੀ ਅਤੇ ਉਸ ਤੋਂ ਪਿਛਲੇ ਹਫ਼ਤੇ ਪੁੱਛ-ਪੜਤਾਲ ਕੀਤੀ ਗਈ ਸੀ। ਇਨ੍ਹਾਂ ਵਿਅਕਤੀਆਂ ਦੇ ਨਾਮ ਵੀ ਮੂਸੇਵਾਲਾ ਦੇ ਪਿਤਾ ਵੱਲੋਂ ਆਪਣੇ ਪੁੱਤਰ ਦੇ ਕਤਲ ਵਿਚ ਭੂਮਿਕਾ ਦੀ ਜਾਂਚ ਲਈ ਪੁਲੀਸ ਨੂੰ ਦਿੱਤੇ ਗਏ ਸਨ। ਕਾਬਿਲੇਗੌਰ ਹੈ ਕਿ ਸਿੱਧੂ ਮੂਸੇਵਾਲਾ ਦੀ 29 ਮਈ ਨੂੰ ਮਾਨਸਾ ਜ਼ਿਲ੍ਹੇ ਦੇ ਪਿੰਡ ਜਵਾਹਰਕੇ ਵਿੱਚ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਘਟਨਾ ਤੋਂ ਇਕ ਦਿਨ ਪਹਿਲਾਂ ਪੰਜਾਬ ਸਰਕਾਰ ਨੇ ਮੂਸੇਵਾਲਾ ਦੀ ਸੁਰੱਖਿਆ ਵਿੱਚ ਕਟੌਤੀ ਕੀਤੀ ਸੀ।

## ਬੰਦੀ ਸਿੰਘਾਂ ਦੀ ਰਿਹਾਈ ਲਈ ਬਾਪੂ ਸੂਰਤ ਸਿੰਘ ਨੇ ਫਾਰਮ ਭਰਿਆ

ਅੰਮ੍ਰਿਤਸਰ ( ਰਾਜਨ ਮਾਨ, ਭੰਗੂ)-ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਆਰੰਭੀ ਗਈ ਦਸਤਖ਼ਤ ਮੁਹਿੰਮ ਦਾ ਸਮਰਥਨ ਕਰਦਿਆਂ ਬਾਪੂ ਸੂਰਤ ਸਿੰਘ ਨੇ ਵੀ ਪ੍ਰਫੋਰਮਾ ਭਰਿਆ। ਬਾਪੂ ਸੂਰਤ ਸਿੰਘ ਪਿਛਲੇ ਲੰਮੇ ਅਰਸੇ ਤੋਂ ਸਿੱਖ ਬੰਦੀਆਂ ਦੀ ਰਿਹਾਈ ਲਈ ਸੰਘਰਸ਼ਸ਼ੀਲ ਹਨ। ਜਾਣਕਾਰੀ ਅਨੁਸਾਰ ਸ਼੍ਰੋਮਣੀ ਕਮੇਟੀ ਵੱਲੋਂ ਇਸ ਮੁਹਿੰਮ ਤਹਿਤ ਹੁਣ ਤਕ ਇੱਕ ਲੱਖ ਤੋਂ ਵੱਧ ਫਾਰਮ ਭਰਵਾਏ ਜਾ ਚੁੱਕੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਲੁਧਿਆਣਾ ਵਿੱਚ ਇੱਕ ਹਸਪਤਾਲ 'ਚ ਜ਼ੇਰੇ ਇਲਾਜ ਬਾਪੂ ਸੂਰਤ ਸਿੰਘ ਨਾਲ ਮੁਲਾਕਾਤ ਕਰਕੇ ਉਨ੍ਹਾਂ ਦਾ ਹਾਲ-ਚਾਲ ਪੁੱਛਿਆ ਤੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਆਰੰਭੀ ਗਈ ਦਸਤਖ਼ਤ ਮੁਹਿੰਮ ਬਾਰੇ ਜਾਣਕਾਰੀ ਦਿੱਤੀ। ਬਾਪੂ ਸੂਰਤ ਸਿੰਘ ਨੇ ਇਸ ਮੁਹਿੰਮ ਦੀ ਸ਼ਲਾਘਾ ਕਰਦਿਆਂ ਇਸ ਸਬੰਧੀ ਫਾਰਮ ਭਰਿਆ ਤੇ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਵਿੱਚ ਉਤਸ਼ਾਹ ਨਾਲ ਹਿੱਸਾ ਲੈਣ। ਉਨ੍ਹਾਂ ਕਿਹਾ ਕਿ ਉਹ ਵੱਡੀ ਗਿਣਤੀ ਵਿੱਚ ਪ੍ਰਫੋਰਮੇ ਭਰਵਾ ਕੇ ਸ਼੍ਰੋਮਣੀ ਕਮੇਟੀ ਕੋਲ ਪਹੁੰਚਾਉਣਗੇ। ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਪੂਰੀ ਸਿੱਖ ਕੌਮ ਦਾ ਮਾਮਲਾ ਹੈ ਅਤੇ ਇਸ ਸਬੰਧ ਵਿੱਚ ਸੰਘਰਸ਼ ਕਰਨ ਵਾਲੇ ਹਰ ਇਨਸਾਨ ਦਾ ਉਹ ਸਤਿਕਾਰ ਕਰਦੇ ਹਨ। ਬਾਪੂ ਸੂਰਤ ਸਿੰਘ ਵੱਲੋਂ ਵੀ ਬੰਦੀ ਸਿੰਘਾਂ ਨੂੰ ਰਿਹਾਅ ਕਰਵਾਉਣ ਲਈ ਕਰੜਾ ਸੰਘਰਸ਼ ਕੀਤਾ ਗਿਆ ਹੈ, ਜੋ ਸਭ ਲਈ ਪ੍ਰੇਰਣਾ ਸਰੋਤ ਹੈ।

# ਕੇਜਰੀਵਾਲ ਵੱਲੋਂ ਆਪ ਦੇ ਕੌਮੀ ਪਾਰਟੀ ਬਣਨ ਲਈ ਪਾਰਟੀ ਵਰਕਰਾਂ ਨੂੰ ਵਧਾਈਆਂ

ਨਵੀ ਦਿੱਲੀ (ਦਿਓਲ)-ਗੁਜਰਾਤ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਵੱਲੋਂ ਪੰਜ ਸੀਟਾਂ ਜਿੱਤੇ ਜਾਣ 'ਤੇ 'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਹੁਣ ਕੌਮੀ ਪਾਰਟੀ ਬਣ ਗਈ ਹੈ। ਇਹ ਯਾਦ ਕਰਦੇ ਹੋਏ ਕਿ ਕਿਵੇਂ 'ਆਪ' ਨੇ 10 ਸਾਲ ਪਹਿਲਾਂ ਆਪਣਾ ਸਿਆਸੀ ਸਫ਼ਰ ਸ਼ੁਰੂ ਕੀਤਾ ਤੇ ਦਸ ਸਾਲਾਂ ਦੇ ਅਰਸੇ ਵਿੱਚ ਦੋ ਸੂਬਿਆਂ ਦਿੱਲੀ ਤੇ ਪੰਜਾਬ ਵਿੱਚ ਸਰਕਾਰਾਂ ਬਣਾਈਆਂ ਹਨ। ਉਨ੍ਹਾਂ ਪਾਰਟੀ ਦੀ ਲੀਡਰਸ਼ਿਪ ਵਿੱਚ ਭਰੋਸਾ ਪ੍ਰਗਟਾਉਣ ਤੇ ਪਾਰਟੀ ਨੂੰ ਕੌਮੀ ਦਰਜਾ ਦਿਵਾਉਣ ਲਈ ਗੁਜਰਾਤ ਦੇ ਲੋਕਾਂ ਦਾ ਧੰਨਵਾਦ ਵੀ ਕੀਤਾ। ਸ੍ਰੀ ਕੇਜਰੀਵਾਲ ਨੇ ਇਕ ਵੀਡੀਓ ਸੁਨੇਹੇ ਵਿੱਚ ਕਿਹਾ, "ਅੱਜ ਗੁਜਰਾਤ ਚੋਣਾਂ ਦੇ ਨਤੀਜੇ ਆ ਗਏ ਹਨ ਤੇ 'ਆਪ' ਇਕ ਕੌਮੀ ਪਾਰਟੀ ਬਣ ਗਈ ਹੈ। 10 ਸਾਲ ਪਹਿਲਾਂ 'ਆਪ' ਇੱਕ ਛੋਟੀ ਪਾਰਟੀ ਸੀ ਤੇ ਹੁਣ 10 ਸਾਲਾਂ ਬਾਅਦ ਇਸ ਦੀ ਦੋ ਸੂਬਿਆਂ ਵਿੱਚ ਸਰਕਾਰ ਬਣ ਗਈ ਹੈ।" 'ਆਪ' ਦੇ ਕੌਮੀ ਕਨਵੀਨਰ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਚੋਣ ਪ੍ਰਚਾਰ ਦੌਰਾਨ ਚਿੱਕੜ ਉਛਾਲਣ ਵਿੱਚ ਸ਼ਾਮਲ ਨਹੀਂ



ਜਦੋਂ ਲੋਕ ਸੁਣਦੇ ਹਨ ਤਾਂ ਦੰਦਾਂ ਹੇਠ ਉਂਗਲੀਆਂ ਦਬਾ ਲੈਂਦੇ ਹਨ।" ਉਨ੍ਹਾਂ ਕਿਹਾ ਕਿ ਗੁਜਰਾਤ ਤੋਂ ਬਹੁਤ ਸਿੱਖਿਆ ਹੈ। ਹੋਈ ਤੇ ਸਿਰਫ ਪੰਜਾਬ, ਦਿੱਲੀ ਵਿੱਚ ਪਾਰਟੀ ਵੱਲੋਂ ਕੀਤੇ ਕੰਮਾਂ ਦੀ ਗੱਲ ਕੀਤੀ ਹੈ। ਗੁਜਰਾਤ ਚੋਣ ਨਤੀਜਿਆਂ 'ਤੇ ਅਰਵਿੰਦ ਕੇਜਰੀਵਾਲ ਨੇ ਕਿਹਾ, "ਬਹੁਤ ਘੱਟ ਪਾਰਟੀਆਂ ਨੂੰ ਕੌਮੀ ਪਾਰਟੀ ਦਾ ਦਰਜਾ ਮਿਲਦਾ ਹੈ, ਸਾਡੀ ਨੌਜਵਾਨ ਪਾਰਟੀ ਹੁਣ ਉਨ੍ਹਾਂ ਵਿੱਚੋਂ ਇੱਕ ਹੈ।" ਉਨ੍ਹਾਂ ਕਿਹਾ, "ਗੁਜਰਾਤ ਭਾਜਪਾ ਦਾ ਗੜ੍ਹ ਮੰਨਿਆ ਜਾਂਦਾ ਹੈ। ਕਿਲ੍ਹਾ ਭੇਦਣ ਵਿੱਚ ਸਫਲ ਹੋਏ ਤੇ ਅਗਲੀ ਵਾਰ ਜਿੱਤਣ ਵਿੱਚ ਸਫਲ ਹੋਵਾਂਗੇ। 'ਆਪ' ਨੂੰ 13 ਫੀਸਦ ਮਤਲਬ 39 ਲੱਖ ਵੋਟਾਂ ਮਿਲੀਆਂ ਹਨ, ਜਿਸ ਨਾਲ ਇਹ ਕੌਮੀ ਪਾਰਟੀ ਬਣ ਗਈ ਹੈ ਅਤੇ ਦੇਸ਼ ਵਿੱਚ ਕੁੱਝ ਹੀ ਪਾਰਟੀਆਂ ਕੌਮੀ ਦਰਜਾ ਰੱਖਦੀਆਂ ਹਨ।

## ਵੀਰ ਬਾਲ ਦਿਵਸ ਦਾ ਨਾਮ ਸਾਹਿਬਜ਼ਾਦੇ ਸ਼ਹਾਦਤ ਦਿਵਸ ਕਰਨ ਦੀ ਮੰਗ

ਅੰਮ੍ਰਿਤਸਰ-ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਸਰਕਾਰ ਵੱਲੋਂ ਐਲਾਨੇ ਗਏ ਵੀਰ ਬਾਲ ਦਿਵਸ ਦੀ ਥਾਂ ਇਸ ਦਿਹਾੜੇ ਨੂੰ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਵਜੋਂ ਮਨਾਉਣ ਦੀ ਮੰਗ ਕੀਤੀ ਹੈ। ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਇਸ ਸਾਲ 28 ਦਸੰਬਰ ਨੂੰ ਮਨਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਭਾਵੇਂ ਪਹਿਲਾਂ ਵੀ ਕੇਂਦਰ ਸਰਕਾਰ ਨੂੰ ਇਸ ਦਿਵਸ ਨੂੰ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਵਜੋਂ ਮਨਾਉਣ ਦੀ ਅਪੀਲ ਕੀਤੀ ਜਾ ਚੁੱਕੀ ਹੈ ਪਰ ਹੁਣ ਦਿਵਸ ਨੇੜੇ ਆਉਣ ਕਾਰਨ ਮੁੜ ਕੇਂਦਰ ਸਰਕਾਰ ਨੂੰ ਇਸ ਦਿਵਸ ਦਾ ਨਾਂ ਬਦਲਣ ਲਈ ਯਾਦ ਕਰਵਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਇਸੇ ਸਾਲ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਵਿਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਵੀਰ ਬਾਲ ਦਿਵਸ ਐਲਾਨਿਆ ਗਿਆ ਹੈ।


ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਪ੍ਰੀਮੀਅਰ ਏਬੀ ਵਲੋਂ ਨਵੇਂ ਮੰਤਰੀ ਮੰਡਲ ਦਾ ਗਠਨ

ਸਫ਼ਾ 1 ਦੀ ਬਾਕੀ

ਬੀਸੀ ਲਿਬਰਲਜ਼ ਤੇ ਬੀਸੀ ਗਰੀਨਜ਼ ਦਾ ਕਹਿਣਾ ਕਿ ਏਬੀ ਮੁੱਖ ਮੰਤਰਾਲਿਆਂ ਵਿਚ ਕੋਈ ਤਬਦੀਲੀ ਨਾ ਕਰਕੇ ਜਿਉਂ ਦੀ ਤਿਉਂ ਸਥਿਤੀ ਬਣਾਈ ਰੱਖ ਰਹੇ ਹਨ। ਏਬੀ ਨੇ ਮੰਤਰੀ ਮੰਡਲ ਵਿਚ 27 ਐਮਐਲਏਜ਼ ਨੂੰ ਸ਼ਾਮਿਲ ਕੀਤਾ ਹੈ ਜਿਨ੍ਹਾਂ ਵਿਚ 15 ਔਰਤਾਂ ਅਤੇ 7 ਗੈਰ ਗੋਰੇ ਵਿਅਕਤੀ ਸ਼ਾਮਿਲ ਹਨ। ਰਾਈਜ਼ਿੰਗ ਸਟਾਰ ਬੋਵਿਨ ਮਾ ਦੀ ਅਗਵਾਈ ਵਿਚ ਐਮਰਜੈਂਸੀ ਪ੍ਰਬੰਧਨ ਅਤੇ ਪੌਣਪਾਣੀ ਦੀ ਤਿਆਰੀ ਲਈ ਨਵਾਂ ਮੰਤਰਾਲੇ ਨਾਲ ਹਾਊਸਿੰਗ ਤੇ ਪੌਣਪਾਣੀ ਨੂੰ ਤਰਜੀਹ ਦਿੱਤੀ ਗਈ ਹੈ। ਏਬੀ ਨੇ ਕਿਹਾ ਕਿ ਇਕੱਲਾ ਮੰਤਰਾਲਾ ਇਸ ਗੱਲ ਦੀ ਝਲਕ ਹੈ ਕਿ ਸੂਬਾ ਇਤਿਹਾਸਕ ਹੜ੍ਹਾਂ, ਅੱਗ ਲੱਗਣ ਦੀਆਂ ਘਟਨਾਵਾਂ ਤੇ ਹੀਟ ਵੇਵ ਜਿਸ ਤੋਂ ਪਿਛਲੇ ਦੋ ਸਾਲ ਸੂਬਾ ਪ੍ਰਭਾਵਤ ਰਿਹਾ ਪਿੱਛੋਂ ਪੌਣਪਾਣੀ ਸਬੰਧੀ ਹੰਗਾਮੀ ਸਥਿਤੀਆਂ ਨਾਲ ਨਜਿੱਠਣ ਲਈ ਤਿਆਰ ਰਹੇ। ਰਵੀ ਕਾਹਲੋਂ ਨਵੇਂ ਹਾਊਸਿੰਗ ਮੰਤਰਾਲੇ ਦੇ ਮੁਖੀ ਹੋਣਗੇ ਅਤੇ ਏਬੀ ਨੇ ਹਾਊਸਿੰਗ ਵਿਕਾਸ ਨੂੰ ਯਕੀਨੀ ਬਣਾਉਣ ਜਿਹੜਾ ਉਨ੍ਹਾਂ ਦੀ ਸਰਕਾਰ ਦਾ ਮੁੱਖ ਪਹਿਲੂ ਹੈ ਲਈ ਨਵਾਂ ਮੰਤਰਾਲਾ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਹਾਊਸਿੰਗ ਅਟਾਰਨੀ ਜਨਰਲ ਦੇ ਮੰਤਰਾਲੇ ਵਿਚ ਸ਼ਾਮਿਲ ਸੀ। ਕਾਹਲੋਂ ਨੇ ਬੀਸੀ ਐਨਡੀਪੀ ਲੀਡਰਸ਼ਿਪ ਲਈ ਚੋਣ ਨਾ ਲੜਨ ਦਾ ਫ਼ੈਸਲਾ ਕੀਤਾ ਹੈ ਅਤੇ ਇਸ ਦੀ ਬਜਾਏ ਮੁਹਿੰਮ ਦੀ ਸਹਿ ਪ੍ਰਧਾਨਗੀ ਨਾਲ ਏਬੀ ਨੂੰ ਸਮਰਥਨ ਦਿੱਤਾ ਹੈ। ਕਾਹਲੋਂ ਸਰਕਾਰ ਦੇ ਨਵੇਂ ਹਾਊਸ ਲੀਡਰ ਵੀ ਹੋਣਗੇ ਅਤੇ ਇਹ ਅਹੁਦਾ ਉਹ ਮਾਈਕ ਫਾਰਨਵਰਥ ਤੋਂ ਲੈ ਰਹੇ ਹਨ ਜਿਹੜੇ ਜਨਤਕ ਸੁਰੱਖਿਆ ਬਾਰੇ ਮੰਤਰੀ ਤੇ ਡਿਪਟੀ ਪ੍ਰੀਮੀਅਰ ਵਜੋਂ ਆਪਣੇ ਅਹੁਦਿਆਂ 'ਤੇ ਬਣੇ ਰਹਿਣਗੇ। ਸੇਲੀਨਾ ਰੋਬਿਨਸਨ ਹੁਣ ਘੱਟ ਅਹਿਮੀਅਤ ਵਾਲੇ ਪੋਸਟ ਸੈਕੰਡਰੀ ਸਿੱਖਿਆ ਤੇ ਭਵਿੱਖ ਦੇ ਹੁਨਰਾਂ ਬਾਰੇ ਮੰਤਰੀ ਹੋਣਗੇ ਪਰ ਏਬੀ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਨਵਾਂ ਮੰਤਰਾਲਾ ਘੱਟ ਅਹਿਮੀਅਤ ਵਾਲਾ ਹੈ ਅਤੇ ਕਿਹਾ ਕਿ ਉਹ ਇਕ ਅਹਿਮ ਭੂਮਿਕਾ ਵਿਚ ਹੈ ਅਤੇ ਇਹ ਯਕੀਨੀ ਬਣਾਉਣ ਲਈ ਆਪਣੇ ਤਜ਼ਰਬੇ ਦੀ ਵਰਤੋਂ ਕਰਦੇ ਹੋਏ ਛੋਟੇ ਕਾਰੋਬਾਰੀ ਨੇਤਾਵਾਂ ਤੇ ਗੈਰਮੁਨਾਫਾ ਸੈਕਟਰ ਨਾਲ ਕੰਮ ਕਰ ਸਕਦੀ ਹੈ ਕਿ ਸਿੱਖਲਾਈ ਦੀਆਂ ਸੀਟਾਂ ਲੇਬਰ ਦੀ ਘਾਟ ਕਾਰਨ ਪੈਦਾ ਹੋਈਆਂ ਸਖਤ ਲੋੜਾਂ ਨੂੰ ਪੂਰਾ ਕਰ ਸਕਣ। ਬੀਸੀ ਦੇ ਲਿਬਰਲ ਹਾਊਸ ਲੀਡਰ ਟੋਡ ਸਟੋਨ ਅਤੇ ਬੀਸੀ ਗਰੀਨ ਲੀਡਰ ਸੋਨੀਆ ਫੁਰਸਟੇਨੋ ਨੇ ਕਿਹਾ ਕਿ ਉਹ ਕੋਰਨੋਏ ਨੂੰ ਵਿੱਤ ਮੰਤਰੀ ਬਣਾਉਣ 'ਤੇ ਹੈਰਾਨ ਹਨ। ਸਟੋਨ ਨੇ ਕਿਹਾ ਕਿ ਸੂਬੇ ਦਾ ਵਿੱਤੀ ਕੰਮਕਾਜ ਚਲਾਉਣ ਲਈ ਕੋਰਨੋਏ ਕੋਲ ਵਿੱਤੀ ਤਜ਼ਰਬੇ ਦੀ ਘਾਟ ਹੈ। ਲੇਬਰ ਮੰਤਰੀ ਹੈਰੀ ਬੈਂਸ ਸਮੇਤ ਕਈ ਮੰਤਰੀਆਂ ਦੇ ਅਹੁਦੇ ਨਾਲ ਕੋਈ ਛੇੜ ਛਾੜ ਨਹੀਂ ਕੀਤੀ ਗਈ।




OASIS WINDOWS INC.
OASIS WINDOWS clearly better windows
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
ENERGY STAR
MEMBER BBB BC Mainland
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES


"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com


## ਵਿਆਜ ਦਰਾਂ 'ਚ ਤਾਜ਼ਾ ਵਾਧੇ ਪਿੱਛੋਂ ਵਧਣਗੀਆਂ ਮੌਰਟਗੇਜ ਦਰਾਂ

ਸਫ਼ਾ 1 ਦੀ ਬਾਕੀ

ਹੁਣ ਉੱਚ ਮੌਰਟਗੇਜ ਦਰਾਂ ਤੇ ਕਰਜ਼ਾ ਦਰਾਂ ਦਾ ਸਾਹਮਣਾ ਕਰਨਾ ਪਵੇਗਾ। ਵਿਆਜ ਦਰ ਵਿਚ ਵਾਧੇ ਪਿੱਛੋਂ ਰਾਇਲ ਬੈਂਕ ਆਫ ਕੈਨੇਡਾ 6 ਵੱਡੀਆਂ ਬੈਂਕਾਂ ਵਿਚ ਪਹਿਲੀ ਬੈਂਕ ਹੈ ਜਿਸ ਨੇ ਆਪਣੀ ਪ੍ਰਮੁੱਖ ਦਰ ਨੂੰ 5.95 ਤੋਂ ਵਧਾ ਕੇ 6.45 ਫ਼ੀਸਦੀ ਕਰ ਦਿੱਤਾ ਹੈ। ਟੋਰਾਂਟੋ-ਡੋਮੀਨੀਅਨ ਬੈਂਕ, ਬੈਂਕ ਆਫ ਮਾਂਟਰੀਅਲ, ਸਕੋਸ਼ੀਆਬੈਂਕ, ਨੈਸ਼ਨਲ ਬੈਂਕ ਆਫ ਕੈਨੇਡਾ, ਸੀਆਈਬੀਸੀ, ਇਕੁਇਟਏਬਲ ਬੈਂਕ ਤੇ ਲੌਰਨਟੀਅਨ ਬੈਕ ਨੇ ਵੀ ਆਪਣੀਆਂ ਵਿਆਜ ਦਰਾਂ ਵਧਾ ਕੇ 6.45 ਫ਼ੀਸਦੀ ਕਰ ਦਿੱਤੀਆਂ ਹਨ ਪਰ ਅਰਥ ਸ਼ਾਸਤਰੀਆਂ ਨੇ ਦਰ ਵਿਚ ਤਾਜ਼ਾ ਵੱਡੇ ਵਾਧੇ ਨਾਲ ਆਸ ਵਾਲੇ ਆਸਾਰਾਂ ਨੂੰ ਉਜਾਗਰ ਕੀਤਾ ਹੈ ਜਿਸ ਨੇ ਸੈਂਟਰਲ ਬੈਂਕ ਦੀ ਟਰੈਂਡ ਸੈਟਿੰਗ ਨੀਤੀ ਦਰ ਨੂੰ 4.25 ਫ਼ੀਸਦੀ 'ਤੇ ਲਿਆਂਦਾ ਹੈ ਅਤੇ ਇਹ ਦਰ ਵਾਧੇ ਦੇ ਚੱਕਰ ਦੇ ਖਾਤਮੇ ਦਾ ਸੰਕੇਤ ਹੋ ਸਕਦਾ ਹੈ। ਰੀਅਲ ਅਸਟੇਟ ਮਾਰਕੀਟਾਂ ਵੱਧ ਰਹੀਆਂ ਦਰਾਂ ਦਾ ਪ੍ਰਭਾਵ ਮਹਿਸੂਸ ਕਰ ਰਹੀਆਂ ਹਨ ਜਿਹੜੀ ਇਸ ਸਾਲ ਹੁਣ ਤਕ 400 ਬੇਸਿਕ ਪੁਆਇੰਟ ਵਧੀਆਂ ਹਨ ਅਤੇ ਇਨ੍ਹਾਂ ਤੋਂ ਟੋਰਾਂਟੋ ਤੇ ਵੈਨਕੂਵਰ ਜ਼ਿਆਦਾ ਪ੍ਰਭਾਵਤ ਹੋਏ ਹਨ। ਟੋਰਾਂਟੋ ਵਿਚ ਨਵੰਬਰ ਵਿਚ ਇਕ ਵਾਰ ਫਿਰ ਮਕਾਨਾਂ ਦੀਆਂ ਕੀਮਤਾਂ 7 ਫ਼ੀਸਦੀ ਘੱਟ ਕੇ 1.08 ਮਿਲੀਅਨ ਡਾਲਰ ਰਹਿ ਗਈਆਂ ਹਨ। ਜਦਕਿ ਇਕ ਸਾਲ ਵਿਚ ਘਰਾਂ ਦੀ ਵਿਕਰੀ 49 ਫ਼ੀਸਦੀ ਘਟੀ ਹੈ। ਵੈਨਕੂਵਰ ਵੀ ਅਛੂਤਾ ਨਹੀਂ ਰਿਹਾ ਅਤੇ ਨਵੰਬਰ ਵਿਚ ਵਿਕਰੀ 50 ਫ਼ੀਸਦੀ ਘਟੀ ਹੈ ਅਤੇ ਘਰ ਦੀ ਮੁਢਲੀ ਕੀਮਤ ਅਕਤੂਬਰ ਮਹੀਨੇ ਤੋਂ ਘਟੀ ਹੈ।




WE HAVE MOVED TO BIGGER & BETTER LOCATION
#208-7110-120TH ST, SURREY
ICBC
NO WIN NO FEE
WE DO HOME & HOSPITAL VISITS
Your Lawyers, Because We Care
■ Criminal Law
■ Divorce Cases
■ Immigration Law
■ Notary Services
Singh Thind and Associates
BARRISTERS & SOLICITORS
#208 7110 120TH ST, SURREY, BC V3W 3M8
Tel: 604.543.3886
Toll Free 1.866.543.3886
WWW.SINGHTHINDLAW.COM

# ਪੈਸੇਫਿਕ ਅਕੈਡਮੀ ਦੇ ਵਿਦਿਆਰਥੀ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਨਤਮਸਤਕ ਹੋਏ

ਸਰੀ (ਹਰਦਮ ਮਾਨ)-ਪੈਸੇਫਿਕ ਅਕੈਡਮੀ ਦੇ ਗਰੇਡ ਇਲੈਵਨ ਦੇ ਵਿਦਿਆਰਥੀ ਆਪਣੇ ਅਧਿਆਪਕ ਕਰਿਸ ਵੈਨਜ਼ੂਰਾ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਬਰੁੱਕਸਾਈਡ, ਸਰੀ ਵਿਖੇ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਲਈ ਨਤਮਸਤਕ ਹੋਏ। ਮਹਾਂਮਾਰੀ ਦੀਆਂ ਸਖਤਾਈਆਂ ਖਤਮ ਹੋਣ ਬਾਦ ਹਾਜ਼ਰੀ ਭਰਨ ਦੀ ਖੁੱਲ੍ਹ ਹੋਣ ਪਿਛੋਂ ਗੁਰਦੁਆਰਾ ਸਾਹਿਬ ਵਿਚ ਪੈਸੇਫਿਕ ਅਕੈਡਮੀ ਦੇ ਵਿਦਿਆਰਥੀਆਂ ਦਾ ਇਹ ਦੂਜਾ ਗਰੁੱਪ ਸੀ। ਸਾਰੇ ਵਿਦਿਆਰਥੀ ਪਹਿਲੀ ਵਾਰ ਕਿਸੇ ਗੁਰਦੁਆਰਾ ਸਾਹਿਬ ਵਿਚ ਹਾਜ਼ਰੀ ਭਰਨ ਆਏ ਸਨ। ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਦੇ ਪਬਲਿਕ ਰੀਲੇਸ਼ਨ ਸੈਕਟਰੀ ਸੁਰਿੰਦਰ ਸਿੰਘ ਜੱਬਲ ਨੇ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ ਅਤੇ ਗੁਰਦੁਆਰਾ ਸਾਹਿਬ ਦੀ ਮਰਿਆਦਾ ਤੋਂ ਜਾਣੂੰ ਕਰਵਾਇਆ ਅਤੇ ਗੁਰਦੁਆਰਾ ਸਾਹਿਬ ਬਾਰੇ ਛਪਿਆ ਹੋਇਆ ਪੈਂਫਲਿਟ ਵੀ ਦਿੱਤਾ ਤਾਂ ਕਿ ਬਾਦ ਵਿਚ ਵੀ ਉਹ ਆਪਣੇ ਇਸ ਸਕੂਲ ਦੇ ਟਰਿੱਪ ਬਾਰੇ ਵਿਚਾਰ ਕਰ ਸਕਣ। ਵਿਦਿਆਰਥੀਆਂ ਨੇ ਗੁਰਦੁਆਰਾ ਹਾਲ ਵਿਚ ਨਜ਼ਰ ਆਉਣ ਵਾਲੀਆਂ ਵਸਤਾਂ ਚੌਰ, ਖੰਡਾ, ਦੇਗ ਅਤੇ ਚੰਦੋਆ ਸਾਹਿਬ ਤੇ ਲਿਖੀ ਹੋਈ ਗੁਰਬਾਣੀ ਸੰਬੰਧੀ ਜਾਣਕਾਰੀ ਵੀ ਪ੍ਰਾਪਤ ਕੀਤੀ ਅਤੇ ਸਿੱਖ ਧਰਮ ਬਾਰੇ ਅਤੇ ਗੁਰਦੁਆਰਾ ਸਾਹਿਬ ਵਿਚ ਦਿਖਾਈ ਦੇ ਰਹੇ ਇਹਨਾਂ ਪਹਿਲੂਆਂ ਬਾਰੇ ਸਿੱਖ ਫਲਸਫੇ ਨਾਲ ਸੰਬੰਧਤ ਆਪੋ ਆਪਣੇ ਸੁਆਲ ਵੀ ਪੁੱਛੇ। ਦਰਬਾਰ ਹਾਲ ਵਿਚ ਉਸ ਸਮੇਂ ਭਾਈ ਪਾਲ ਸਿੰਘ ਪਾਰਸ ਗੰਗਾਨਗਰ ਵਾਲਿਆ ਦਾ ਰਾਗੀ ਜੱਥਾ ਗੁਰਬਾਣੀ ਕੀਰਤਨ ਕਰ ਰਿਹਾ ਸੀ ਤੇ ਇਸ ਤਰ੍ਹਾਂ ਗੁਰਦੁਆਰਾ ਸਾਹਿਬ ਵਿਚ ਰੋਜ਼ਾਨਾ ਕੀਰਤਨ ਦੀ ਮਰਿਆਦਾ ਅਤੇ ਆ ਰਹੀ ਸੰਗਤ ਨੂੰ ਗੁਰੂ ਸਾਹਿਬ ਜੀ ਦੇ ਨਤਮਸਤਕ ਹੁੰਦਿਆਂ ਵੀ ਤੱਕਿਆ। ਗੈਲਰੀ ਹਾਲ ਵਿੱਚੋਂ ਤੀਜੀ ਮੰਜ਼ਿਲ ਤੇ ਤਕਰੀਬਨ ਇਕ ਘੰਟੇ ਦੇ ਵਿਚਾਰ ਵਟਾਂਦਰੇ ਬਾਅਦ ਦਰਬਾਰ ਹਾਲ ਵਿਚ ਪਹੁੰਚ ਕੇ ਵਿਦਿਆਰਥੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੋਜ਼ਾਨਾ ਪ੍ਰਕਾਸ਼, ਸੁੱਖਆਸਨ, ਕੀਰਤਨ ਤੇ ਦਰਬਾਰ ਹਾਲ ਵਿਚ ਗੁਰੂ ਜੀ ਦੀ ਹਜ਼ੂਰੀ ਵਿਚ ਸੰਗਤ ਦੇ ਬੈਠਣ ਦੀ ਪ੍ਰਥਾ ਤੋਂ ਵੀ ਜਾਣੂੰ ਹੋਏ। ਉਪਰੰਤ ਸਾਰਿਆਂ ਨੇ ਲੰਗਰ ਛਕਿਆ ਅਤੇ ਸੇਵਾਦਾਰਾਂ ਤੇ ਪ੍ਰਬੰਧਕਾਂ ਦਾ ਧੰਨਵਾਦ ਕਰਦੇ ਹੋਏ ਆਪਣੇ ਸਕੂਲ ਲਈ ਵਾਪਸੀ ਕੀਤੀ। ਵਰਨਣਯੋਗ ਹੈ ਕਿ ਪੈਸੇਫਿਕ ਅਕੈਡਮੀ ਸਰੀ ਵਿਚ ਇਕ ਪ੍ਰਾਈਵੇਟ ਸਕੂਲ ਹੈ ਤੇ ਇਸ ਦੇ ਅਧਿਆਪਕ ਕਰਿਸ ਵੈਨਜ਼ੂਰਾ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਅਕਸਰ ਹੀ ਲਿਆਇਆ ਕਰਦੇ ਹਨ। ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਆਂਢੀਆਂ ਗੁਆਂਢੀਆਂ ਦੇ ਧਰਮ ਤੇ ਸੱਭਿਆਚਾਰ ਤੋਂ ਜਾਣੂੰ ਹੋਣ ਦੇ ਮੌਕੇ ਪ੍ਰਦਾਨ ਕਰਵਾਉਣ ਦਾ ਇਹ ਬਹੁਤ ਸ਼ਲਾਘਾਯੋਗ ਕਦਮ ਹੈ।



# ਤਾਲਿਬਾਨ ਨੇ ਕਤਲ ਦੇ ਦੋਸ਼ੀਆਂ ਨੂੰ ਜਨਤਕ ਤੌਰ 'ਤੇ ਫਾਂਸੀ ਦਿੱਤੀ

### *ਅਫਗਾਨਿਸਤਾਨ 'ਤੇ ਕਬਜੇ ਤੋਂ ਬਾਅਦ ਪਹਿਲਾ ਮਾਮਲਾ*



ਕਾਬੁਲ-ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੇ ਸਟੇਡੀਅਮ ਵਿਚ ਕਤਲ ਦੇ ਦੋਸ਼ੀ ਨੂੰ ਜਨਤਕ ਤੌਰ 'ਤੇ ਮੌਤ ਦੇ ਘਾਟ ਉਤਾਰ ਦਿੱਤਾ। ਅਗਸਤ, 2021 ਵਿਚ ਅਫਗਾਨਿਸਤਾਨ ਵਿਚ ਤਾਲਿਬਾਨ ਦੇ ਸ਼ਾਸਨ ਤੋਂ ਬਾਅਦ ਇਹ ਪਹਿਲਾ ਮੌਕਾ ਹੈ, ਜਦੋਂ ਕਿਸੇ ਵਿਅਕਤੀ ਨੂੰ ਜਨਤਕ ਤੌਰ 'ਤੇ ਮੌਤ ਦੀ ਸਜਾ ਦਿੱਤੀ ਗਈ ਹੈ। ਤਾਲਿਬਾਨ ਅਧਿਕਾਰੀ ਮੁਤਾਬਕ ਇਹ ਸਜਾ ਸ਼ਰੀਆ ਕਾਨੂੰਨ ਤਹਿਤ ਦਿੱਤੀ ਗਈ ਹੈ। ਦੋਸੀ ਨੂੰ ਸੜਕ ਦੇ ਵਿਚਕਾਰ ਲਟਕਾ ਦਿੱਤਾ ਗਿਆ। ਅਫਗਾਨਿਸਤਾਨ ਦੇ ਇਸਲਾਮਿਕ ਅਮੀਰਾਤ (ਆਈ. ਈ. ਏ.) ਦੇ ਚੋਟੀ ਦੇ ਬੁਲਾਰੇ ਜਬੀਹੁੱਲ੍ਹਾ ਮੁਜਾਹਿਦ ਮੁਤਾਬਕ ਦੋਸ਼ੀ ਨੂੰ ਪੱਛਮੀ ਫਰਾਹ ਸੂਬੇ 'ਚ ਸੈਂਕੜੇ ਦਰਸ਼ਕਾਂ ਅਤੇ ਸੂਬੇ ਸਮੇਤ ਕਈ ਚੋਟੀ ਦੇ ਤਾਲਿਬਾਨ ਅਧਿਕਾਰੀਆਂ ਦੇ ਸਾਹਮਣੇ ਫਾਂਸੀ ਦਿੱਤੀ ਗਈ। ਮੁਜਾਹਿਦ ਨੇ ਦੇਸ਼ ਦੀਆਂ ਤਿੰਨ ਉੱਚ ਅਦਾਲਤਾਂ ਅਤੇ ਤਾਲਿਬਾਨ ਦੇ ਸਰਵਉੱਚ ਨੇਤਾ ਮੁੱਲਾ ਹੈਬਤੁੱਲਾ ਅਖੁੰਦਜਾਦਾ ਦੀ ਮਨਜ਼ੂਰੀ ਤੋਂ ਬਾਅਦ ਕਿਹਾ, ਸਜਾ ਦਾ ਫੈਸਲਾ ਬਹੁਤ ਧਿਆਨ ਨਾਲ ਲਿਆ ਗਿਆ ਸੀ। ਫਾਂਸੀ ਦਿੱਤੇ ਗਏ ਵਿਅਕਤੀ ਦੀ ਪਛਾਣ ਹੇਰਾਤ ਸੂਬੇ ਦੇ ਤਾਜਮੀਰ ਵਜੋਂ ਹੋਈ ਹੈ। ਉਸ ਨੂੰ ਪੰਜ ਸਾਲ ਪਹਿਲਾਂ ਇਕ ਹੋਰ ਵਿਅਕਤੀ ਦੀ ਹੱਤਿਆ ਕਰਨ ਅਤੇ ਉਸ ਦਾ ਮੋਟਰਸਾਈਕਲ ਅਤੇ ਮੋਬਾਈਲ ਫੋਨ ਚੋਰੀ ਕਰਨ ਦਾ ਦੋਸੀ ਠਹਿਰਾਇਆ ਗਿਆ ਸੀ। ਬੁਲਾਰੇ ਮੁਜਾਹਿਦ ਦੇ ਇੱਕ ਬਿਆਨ ਵਿੱਚ ਕਿਹਾ ਗਿਆ ਹੈ ਕਿ ਤਾਜਮੀਰ ਨੂੰ ਤਾਲਿਬਾਨ ਸੁਰੱਖਿਆ ਬਲਾਂ ਨੇ ਗ੍ਰਿਫਤਾਰ ਕਰ ਲਿਆ ਸੀ ਜਦੋਂ ਪੀੜਤ ਪਰਿਵਾਰ ਨੇ ਉਸ ਉੱਤੇ ਅਪਰਾਧ ਦਾ ਦੋਸ ਲਗਾਇਆ ਸੀ। ਬਿਆਨ ਵਿਚ ਇਹ ਨਹੀਂ ਦੱਸਿਆ ਗਿਆ ਕਿ ਗ੍ਰਿਫਤਾਰੀ ਕਦੋਂ ਹੋਈ, ਪਰ ਤਜਮੀਰ ਨੇ ਕਥਿਤ ਤੌਰ 'ਤੇ ਕਤਲ ਦਾ ਇਕਬਾਲ ਕੀਤਾ ਹੈ।



# ਬੱਚਿਆਂ 'ਚ ਵਧ ਰਹੀਆਂ ਸਾਹ ਸਬੰਧੀ ਬਿਮਾਰੀਆਂ ਤੋਂ ਡਾਕਟਰ ਚਿੰਤਤ

ਓਟਵਾ-ਬੱਚਿਆਂ ਵਿੱਚ ਵੱਧ ਰਹੀਆਂ ਸਾਹ ਸਬੰਧੀ ਬਿਮਾਰੀਆਂ ਤੋਂ ਚਿੰਤਤ ਕੈਨੇਡੀਅਨ ਡਾਕਟਰਜ਼ ਵੱਲੋਂ ਸਰਕਾਰ ਨੂੰ ਜਲਦ ਤੋਂ ਜਲਦ ਕੋਈ ਐਕਸ਼ਨ ਲੈਣ ਲਈ ਆਖਿਆ ਜਾ ਰਿਹਾ ਹੈ। ਕੈਨੇਡੀਅਨ ਮੈਡੀਕਲ ਐਸੋਸਿਏਸ਼ਨ (ਸੀਐਮਏ) ਵੱਲੋਂ ਜਾਰੀ ਕੀਤੇ ਬਿਆਨ ਵਿੱਚ ਆਖਿਆ ਗਿਆ ਕਿ ਬੱਚੇ ਸਿਆਲਾਂ ਦੇ ਇਸ ਮੌਸਮ ਵਿੱਚ ਇਨਫਲੂਐਂਜ਼ਾ, ਆਰਐਸਵੀ ਤੇ ਕੋਵਿਡ-19 ਕਾਰਨ ਵੱਡੀ ਗਿਣਤੀ ਵਿੱਚ ਬਿਮਾਰ ਹੋ



ਰਹੇ ਹਨ। ਬੱਚਿਆਂ ਨੂੰ ਸਿਹਤਯਾਬ ਕਰਨ ਵਿੱਚ ਹੈਲਥਕੇਅਰ ਵਰਕਰਜ਼ ਦਾ ਪੂਰਾ ਜ਼ੋਰ ਲੱਗਿਆ ਪਿਆ ਹੈ। ਸੀਐਮਏ ਨੇ ਆਖਿਆ ਕਿ ਸਰਜਰੀਜ਼ ਲਈ ਲੰਮਾਂ ਉਡੀਕ ਸਮਾਂ ਹੋਣ, ਡਾਇਗਨੌਸਟਿਕ ਇਮੇਜਿੰਗ ਤੇ ਮੈਂਟਲ ਹੈਲਥ ਸੇਵਾਵਾਂ ਲਈ ਉਡੀਕ ਕਰਨ ਵਿੱਚ ਬਾਲਗਾਂ ਨਾਲੋਂ ਬੱਚੇ ਵਧੇਰੇ ਪ੍ਰਭਾਵਿਤ ਹੁੰਦੇ ਹਨ। ਸੋਮਵਾਰ ਨੂੰ ਬੀਸੀ ਦੀ ਪ੍ਰੋਵਿੰਸ਼ੀਅਲ ਹੈਲਥ ਆਫੀਸਰ ਡਾ਼ ਬੌਨੀ ਹੈਨਰੀ ਨੇ ਇੱਕ ਬਿਆਨ ਵਿੱਚ ਆਖਿਆ ਕਿ ਇਸ ਸਾਲ ਫਲੂ ਸਟਰੇਨ ਐਚ3ਐਨ2 ਕਾਰਨ ਬੱਚੇ ਵਧੇਰੇ ਬਿਮਾਰ ਪੈ ਰਹੇ ਹਨ।ਅਧਿਆਪਕਾਂ ਅਨੁਸਾਰ ਇਸ ਵਾਰੀ ਬਿਮਾਰ ਰਹਿਣ ਕਾਰਨ ਬੱਚਿਆਂ ਦੀ ਸਕੂਲਾਂ ਵਿੱਚ ਹਾਜ਼ਰੀ ਵੀ ਘਟੀ ਹੈ।ਉਡੀਕ ਦਾ ਸਮਾਂ ਲੰਮਾਂ ਹੋਣ ਕਰਕੇ ਤੇ ਕਲੀਨਿਕਸ ਵਿੱਚ ਭੀੜ ਹੋਣ ਕਾਰਨ ਕੁੱਝ ਮਾਪੇ ਆਰਐਸਵੀ ਟੈਸਟਿੰਗ ਪ੍ਰਾਈਵੇਟ ਤੌਰ ਉੱਤੇ ਕਰਵਾ ਰਹੇ ਹਨ। ਸੀਐਮਏ ਵੱਲੋਂ ਸਰਕਾਰ ਤੋਂ ਮੰਗ ਕੀਤੀ ਜਾ ਰਹੀ ਹੈ ਕਿ ਉਹ ਸਟਾਫ ਦੀ ਘਾਟ ਨੂੰ ਪੂਰਾ ਕਰੇ ਤੇ ਹੈਲਥਕੇਅਰ ਸਿਸਟਮ ਦੇ ਕਈ ਅਹਿਮ ਮੁੱਦਿਆਂ ਨੂੰ ਜਲਦ ਤੋਂ ਜਲਦ ਸੁਧਾਰੇ।

ਲਖੀਮਪੁਰ ਖੀਰੀ ਹਿੰਸਾ ਮਾਮਲਾ

# ਕੇਂਦਰੀ ਮੰਤਰੀ ਦੇ ਬੇਟੇ ਆਸ਼ੀਸ਼ ਮਿਸਰਾ 'ਤੇ ਕਿਸਾਨਾਂ ਦੀ ਹੱਤਿਆ ਦਾ ਮੁਕੱਦਮਾ ਚੱਲੇਗਾ, ਦੋਸ਼ ਤੈਅ

ਲਖਨਊ-ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦੇ ਪੁੱਤਰ ਆਸ਼ੀਸ਼ ਮਿਸ਼ਰਾ 'ਤੇ ਪਿਛਲੇ ਸਾਲ ਉਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ 'ਚ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ ਦੀ ਹੱਤਿਆ ਦਾ ਮੁਕੱਦਮਾ ਚਲਾਇਆ ਜਾਵੇਗਾ। ਲਖੀਮਪੁਰ ਦੀ ਇਕ ਅਦਾਲਤ ਨੇ ਅੱਜ ਉਸ ਅਤੇ ਹੋਰ ਮੁਲਜ਼ਮਾਂ ਵਿਰੁੱਧ ਦੋਸ਼ ਆਇਦ ਕੀਤੇ ਅਤੇ ਐਲਾਨ ਕੀਤਾ ਕਿ ਮੁਕੱਦਮੇ ਦੀ ਸੁਣਵਾਈ 16 ਦਸੰਬਰ ਤੋਂ ਸ਼ੁਰੂ ਹੋਵੇਗੀ। ਅਦਾਲਤ ਨੇ ਮਿਸ਼ਰਾ ਦੀ ਡਿਸਚਾਰਜ ਪਟੀਸ਼ਨ ਨੂੰ ਰੱਦ ਕਰਨ ਤੋਂ ਇਕ ਦਿਨ ਬਾਅਦ ਇਹ ਗੱਲ ਸਾਹਮਣੇ ਆਈ ਹੈ। ਇਸ ਘਟਨਾ ਵਿਚ ਮਾਰੇ ਗਏ



ਪੱਤਰਕਾਰ ਰਮਨ ਕਸ਼ਯਪ ਦੇ ਭਰਾ ਪਵਨ ਕਸ਼ਯਪ ਨੇ ਅਦਾਲਤ ਦੇ ਫੈਸਲੇ ਦਾ ਸਵਾਗਤ ਕੀਤਾ ਹੈ। ਉਨ੍ਹਾਂ ਕਿਹਾ, ਮੈਂ ਨਿਆਂਪਾਲਿਕਾ ਦਾ ਸ਼ੁਕਰਗੁਜ਼ਾਰ ਹਾਂ। ਮੈਂ ਸੁਪਰੀਮ ਕੋਰਟ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ। ਦੇਰੀ ਹੋਈ ਹੈ, ਪਰ ਦੋਸ਼ ਆਇਦ ਹੋਏ ਹਨ। ਮੈਨੂੰ ਨਿਆਂ ਪ੍ਰਣਾਲੀ 'ਤੇ ਪੂਰਾ ਭਰੋਸਾ ਹੈ। ਇਸ ਘਟਨਾ 'ਚ ਮਾਰੇ ਗਏ ਲੋਕਾਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਮੁਹੰਮਦ ਅਮਾਨ ਨੇ ਕਿਹਾ, 'ਮੁਕੱਦਮੇ ਦੀ ਸੁਣਵਾਈ 'ਚ ਦੇਰੀ ਹੋਈ ਹੈ, ਦੋਸ਼ ਤੈਅ ਕਰਨ ਵਿਚ 9 ਮਹੀਨੇ ਲੱਗ ਗਏ ਹਨ ਅਤੇ ਉਹ ਵੀ ਸੁਪਰੀਮ ਕੋਰਟ ਵਲੋਂ ਇਸ ਬਾਰੇ ਟਿੱਪਣੀ ਕਰਨ ਤੋਂ ਬਾਅਦ ਕਿਸਾਨਾਂ ਨੂੰ ਇਨਸਾਫ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਉਮੀਦ ਹੈ। ਮੈਨੂੰ ਲੱਗਦਾ ਹੈ ਕਿ ਮੁਕੱਦਮਾ ਤੇਜ਼ ਹੋਣਾ ਚਾਹੀਦਾ ਹੈ। ਪੁਲਸ ਦੀ ਚਾਰਜਸੀਟ ਵਿਚ ਮਿਸ਼ਰਾ 'ਤੇ ਹੱਤਿਆ ਦਾ ਦੋਸ਼ ਲਗਾਇਆ ਗਿਆ ਹੈ। ਦੋਸ਼ ਹੈ ਕਿ ਉਹ 3 ਅਕਤੂਬਰ ਨੂੰ ਲਖੀਮਪੁਰ ਖੀਰੀ ਵਿਚ ਇਕ ਰੋਸ ਮਾਰਚ ਦੌਰਾਨ ਇਕ ਐੱਸ.ਯੂ.ਵੀ. ਵਿਚ ਸਵਾਰ ਸੀ ਜਿਸ ਨੇ ਚਾਰ ਕਿਸਾਨਾਂ ਅਤੇ ਇਕ ਪੱਤਰਕਾਰ ਨੂੰ ਟੱਕਰ ਮਾਰ ਦਿੱਤੀ ਸੀ। ਘਟਨਾ ਦੇ ਹੈਰਾਨ ਕਰਨ ਵਾਲੇ ਦ੍ਰਿਸ਼ ਦਿਖਾਉਂਦੇ ਹਨ ਕਿ ਕਾਰ ਤੇਜ਼ ਰਫਤਾਰ ਨਾਲ ਪ੍ਰਦਰਸਨ ਕਰ ਰਹੇ ਕਿਸਾਨਾਂ ਨੂੰ ਟੱਕਰ ਮਾਰ ਰਹੀ ਸੀ। ਗੁੱਸੇ 'ਚ ਆਏ ਕਿਸਾਨਾਂ ਨੇ ਕਾਰ ਦਾ ਪਿੱਛਾ ਕੀਤਾ ਅਤੇ ਡਰਾਈਵਰ ਅਤੇ ਦੋ ਭਾਜਪਾ ਵਰਕਰਾਂ ਦੀ ਕਥਿਤ ਤੌਰ 'ਤੇ ਕੁੱਟਮਾਰ ਕੀਤੀ ਸੀ।




# ਭਾਰਤੀ ਮੂਲ ਦੇ ਸਾਬਕਾ ਅਧਿਕਾਰੀ ਨੂੰ 13 ਸਾਲ ਦੀ ਸਜ਼ਾ

ਨਿਊਯਾਰਕ-ਭਾਰਤੀ ਮੂਲ ਦੇ ਸਾਬਕਾ ਚੀਫ ਅਪਰੇਟਿੰਗ ਅਧਿਕਾਰੀ ਰਮੇਸ਼ ਸੰਨੀ ਬਲਵਾਨੀ ਨੂੰ ਧੋਖਾਧੜੀ ਦੇ ਮਾਮਲੇ ਵਿਚ 13 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਸ 'ਤੇ ਦੋਸ਼ ਲੱਗੇ ਹਨ ਕਿ ਉਸ ਨੇ ਮਰੀਜ਼ ਦੀ ਸਿਹਤ ਨੂੰ ਖਤਰੇ ਵਿੱਚ ਪਾਇਆ ਅਤੇ ਸਿਲੀਕਨ ਵੈਲੀ ਟਾਈਟਨ ਬਣਨ ਲਈ ਕੰਪਨੀ ਦੇ ਲੱਖਾਂ ਡਾਲਰਾਂ ਦੇ ਨਿਵੇਸ਼ਕਾਂ ਨੂੰ ਧੋਖਾ ਦਿੱਤਾ। ਇਸ ਮਾਮਲੇ ਦੀ ਜਾਂਚ ਕੀਤੀ ਗਈ ਤਾਂ ਜੁਲਾਈ ਵਿੱਚ ਇੱਕ ਜਿਊਰੀ ਨੇ 57 ਸਾਲਾ ਬਲਵਾਨੀ ਨੂੰ ਨਿਵੇਸ਼ਕਾਂ ਅਤੇ ਉਨ੍ਹਾਂ ਮਰੀਜ਼ਾਂ ਨੂੰ ਧੋਖਾ ਦੇਣ ਦੇ ਸਾਰੇ 12 ਸੰਗੀਨ ਮਾਮਲਿਆਂ ਵਿੱਚ ਦੋਸ਼ੀ ਪਾਇਆ ਜਿਨ੍ਹਾਂ ਨੇ ਕੰਪਨੀ ਦੇ ਫਰਜ਼ੀ ਖੂਨ ਦੇ ਟੈਸਟਾਂ ਦੀ ਵਰਤੋਂ ਕੀਤੀ ਸੀ। ਅਮਰੀਕੀ ਅਟਾਰਨੀ ਸਟੈਫਨੀ ਹਿੰਡਸ ਨੇ ਕਿਹਾ ਕਿ ਬਲਵਾਨੀ ਨੂੰ ਕੈਲੀਫੋਰਨੀਆ ਵਿੱਚ 12 ਸਾਲ ਅਤੇ 11 ਮਹੀਨਿਆਂ ਦੀ ਸ਼ਜਾ ਸੁਣਾਈ ਗਈ ਜਿਸ ਨੇ ਖੂਨ ਵਿਸ਼ਲੇਸ਼ਣ ਰਿਪੋਰਟ ਨੂੰ ਗਲਤ ਢੰਗ ਨਾਲ ਪੇਸ਼ ਕਰਕੇ ਮਰੀਜ਼ ਦੀ ਸਿਹਤ ਨੂੰ ਖਤਰੇ ਵਿੱਚ ਪਾਇਆ। ਯੂਐਸ ਜ਼ਿਲ੍ਹਾ ਜੱਜ ਐਡਵਰਡ ਡੇਵਿਲਾ ਨੇ ਕਿਹਾ ਕਿ ਬਲਵਾਨੀ ਨੂੰ 155 ਮਹੀਨਿਆਂ ਦੀ ਕੈਦ ਦੀ ਸਜ਼ਾ ਤੋਂ ਇਲਾਵਾ ਰਿਹਾਈ ਤੋਂ ਬਾਅਦ ਤਿੰਨ ਸਾਲਾਂ ਦੀ ਨਿਗਰਾਨੀ ਹੇਠ ਰੱਖਿਆ ਜਾਵੇਗਾ।

# ਕੈਨੇਡਾ 'ਚ ਮਾਰੀ ਗਈ ਪਵਨਪ੍ਰੀਤ ਕੌਰ ਦੇ ਮਾਪਿਆਂ ਨੇ ਇਨਸਾਫ ਮੰਗਿਆ

ਟੋਰਾਂਟੋ-ਮਿਸੀਸਾਗਾ ਦੇ ਗੈਸ ਸਟੇਸ਼ਨ 'ਤੇ ਮਾਰੀ ਗਈ ਸਿੱਖ ਮੁਟਿਆਰ ਦੇ ਮਾਪਿਆਂ ਨੇ ਕੈਨੇਡਾ ਸਰਕਾਰ ਤੋਂ ਇਨਸਾਫ ਦੀ ਮੰਗ ਕੀਤੀ ਹੈ। ਪਵਨਪ੍ਰੀਤ ਕੌਰ (21) ਦੀ ਪੈਟਰੋ ਕੈਨੇਡਾ ਗੈਸ ਸਟੇਸ਼ਨ ਦੇ ਬਾਹਰ ਤਿੰਨ ਦਸੰਬਰ ਦੀ ਰਾਤ ਨੂੰ ਅਣਪਛਾਤੇ ਹਮਲਾਵਰ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਪਵਨਪ੍ਰੀਤ ਦੇ ਪਿਤਾ ਦਵਿੰਦਰ ਸਿੰਘ ਨੇ ਓਮਨੀ ਪੰਜਾਬੀ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ, 'ਅਸੀਂ ਆਪਣੀ ਲੜਕੀ ਲਈ ਇਨਸਾਫ ਮੰਗਦੇ ਹਾਂ, ਸਾਨੂੰ ਆਪਣੀ ਲੜਕੀ ਤਾਂ ਵਾਪਸ ਨਹੀਂ ਮਿਲਣੀ ਪਰ ਅਸੀਂ ਚਾਹੁੰਦੇ ਹਾਂ ਕਿ ਕਾਤਲ ਨੂੰ ਗ੍ਰਿਫ਼ਤਾਰ ਕੀਤਾ ਜਾਵੇ। ਦੱਸਣਾ ਬਣਦਾ ਹੈ ਕਿ ਪਵਨਪ੍ਰੀਤ 18 ਸਾਲ ਦੀ ਉਮਰ ਵਿਚ ਕੈਨੇਡਾ ਵਿਚ ਪੜ੍ਹਾਈ ਕਰਨ ਗਈ ਸੀ। ਪਵਨਪ੍ਰੀਤ ਦੇ ਪਿਤਾ ਨੇ ਕਿਹਾ ਕਿ ਮਾਪਿਆਂ ਦੀ ਖ਼ਾਹਿਸ਼ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਕੈਨੇਡਾ ਜਾ ਕੇ ਪੜ੍ਹਾਈ ਕਰਨ। ਉਨ੍ਹਾਂ ਨੇ ਵੀ ਇਹੀ ਖ਼ਾਹਿਸ਼ ਨਾਲ ਆਪਣੀ ਬੱਚੀ ਨੂੰ ਕੈਨੇਡਾ ਭੇਜਿਆ ਸੀ ਪਰ ਪਵਨਪ੍ਰੀਤ ਦੀ ਮੌਤ ਨਾਲ ਉਹ ਪੂਰੀ ਤਰ੍ਹਾਂ ਨਾਲ ਟੁੱਟ ਚੁੱਕੇ ਹਨ। ਪਵਨਪ੍ਰੀਤ ਦੀ ਮਾਤਾ ਜਸਵੀਰ ਕੌਰ ਨੇ ਕਿਹਾ ਕਿ ਉਨ੍ਹਾਂ ਨੂੰ ਪਛਤਾਵਾ ਹੋ ਰਿਹਾ ਹੈ ਕਿ ਉਨ੍ਹਾਂ ਆਪਣੀ ਬੱਚੀ ਨੂੰ ਕੈਨੇਡਾ ਕਿਉਂ ਭੇਜਿਆ। ਇਸ ਤੋਂ ਪਹਿਲਾਂ ਕੈਨੇਡਾ ਦੀ ਪੁਲੀਸ ਨੇ ਹਮਲਾਵਰ ਦੇ ਹੋਰ ਵੇਰਵੇ ਵੀ ਨਸ਼ਰ ਕੀਤੇ ਹਨ। ਹਮਲਾਵਰ ਨੇ ਪਵਨਪ੍ਰੀਤ 'ਤੇ ਹਮਲਾ ਕਰਨ ਵੇਲੇ ਮੂੰਹ ਸਿਰ ਢਕਣ ਵਾਲੀ ਜੈਕੇਟ (ਹੁੱਡੀ) ਪਾਈ ਹੋਈ ਸੀ। ਪੁਲੀਸ ਨੇ ਦਾਅਵਾ ਕੀਤਾ ਹੈ ਕਿ ਹਮਲਾਵਰ ਦਾ ਸਾਈਕਲ ਮਿਲ ਗਿਆ ਹੈ।




**Sachkhand Travels Pvt Ltd**
India 2 Offices: +91 11 4505 2828
Mob.: +91- 98116 97488

**Sachkhand Travels Ltd**
Canada: +1 778 965 2828
+1 778 955 2828

CONSUMER PROTECTION BC
IATA
Since 1997 India

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES & COMPANY

LAW CORPORATION

www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★

**4.9 STAR**

**Google**

**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER

SURREY OFFICE: 7164, 120 ST, SURREY ***(BY APPOINTMENT PLEASE)***

Email: cedric_hughes@hughesco.com

***AND** Service provided at Business Centres throughout the Fraser Valley and British Columbia.*

***Remote Location? No Problem. We will come to you !***

Gold key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

| | | | |
|---|---|---|---|
| SURREY | 5–8430 128TH ST. | MON–FRI | 8 AM – 8 PM |
| (604) 502 - 0441 | SURREY, BC | SATURDAY | 9 AM – 6 PM |
| FAX (604) 502-0417 | V3W 4G3 | SUNDAY | 9 AM – 5 PM |
| VANCOUVER | 4038 KNIGHT ST. | MON–FRI | 9 AM – 8 PM |
| (604) 325 - 1241 | VANCOUVER, BC | SATURDAY | 9 AM – 5 PM |
| FAX (604) 325-1414 | V5N 5Y7 | SUNDAY | 9 AM – 5 PM |

ICBC autoplan

OPEN 7 DAYS

www.goldkeyinsurance.ca

# ਬੀ.ਸੀ. ਦੇ ਪ੍ਰੀਮੀਅਰ ਡੇਵਿਡ ਇਬੀ ਦੇ ਮੰਤਰੀ ਮੰਡਲ ਵਿਚ ਪੰਜਾਬੀ ਮੂਲ ਦੇ ਮੰਤਰੀਆਂ, ਪਾਰਲੀਮਾਨੀ ਸਕੱਤਰਾਂ ਅਤੇ ਅਟਾਰਨੀ ਜਨਰਲ ਨਾਲ ਸੰਖੇਪ ਜਾਣ-ਪਛਾਣ

ਸਰੀ, 8 ਦਸੰਬਰ (ਹਰਦਮ ਮਾਨ)-ਬੀਸੀ ਦੇ ਪ੍ਰੀਮੀਅਰ ਡੇਵਿਡ ਇਬੀ ਵੱਲੋਂ ਆਪਣੇ ਮੰਤਰੀ ਮੰਡਲ ਵਿਚ ਪੰਜਾਬੀ ਮੂਲ ਦੇ ਚਾਰ ਮੰਤਰੀਆਂ, ਦੋ ਪਾਰਲੀਮਾਨੀ ਸਕੱਤਰਾਂ ਅਤੇ ਅਟਾਰਨੀ ਜਨਰਲ ਨਾਲ ਸੰਖੇਪ ਜਾਣ ਪਛਾਣ-

## ਸਿੱਖਿਆ ਤੇ ਬਾਲ ਸੰਭਾਲ ਮੰਤਰੀ ਰਚਨਾ ਸਿੰਘ



ਰਚਨਾ ਸਿੰਘ ਮਈ 2017 ਵਿੱਚ ਪਹਿਲੀ ਵਾਰ ਸਰੀ-ਗ੍ਰੀਨ ਟਿੰਬਰਜ਼ ਲਈ ਬੀਸੀ ਨਿਊ ਡੈਮੋਕਰੇਟ ਵਿਧਾਇਕ ਬਣੇ ਸਨ ਅਤੇ ਅਕਤੂਬਰ 2020 ਵਿੱਚ ਹੋਈਆਂ ਚੁਣਾਂ ਵਿਚ ਦੁਬਾਰਾ ਚੁਣੇ ਗਏ ਸਨ। ਉਨ੍ਹਾਂ ਨੇ ਨਸਲਵਾਦ ਵਿਰੋਧੀ ਪਹਿਲਕਦਮੀਆਂ ਲਈ ਸੰਸਦੀ ਸਕੱਤਰ ਵਜੋਂ ਸੇਵਾ ਕੀਤੀ ਜਿੱਥੇ ਉਨ੍ਹਾਂ ਨਸਲਵਾਦ ਵਿਰੋਧੀ ਡੇਟਾ ਐਕਟ ਡਿਵੈਲਪਮੈਂਟ ਅਤੇ ਪੁਲਿਸ ਐਕਟ ਨੂੰ ਸੁਧਾਰਨ ਲਈ ਵਿਸ਼ੇਸ਼ ਕਮੇਟੀ ਦੇ ਮੈਂਬਰ ਵਜੋਂ ਅਗਵਾਈ ਕੀਤੀ। ਉਹ ਪਹਿਲਾਂ ਪੁਲਿਸ ਸ਼ਿਕਾਇਤ ਕਮਿਸ਼ਨਰ ਨਿਯੁਕਤ ਕਰਨ ਲਈ ਵਿਸ਼ੇਸ਼ ਕਮੇਟੀ ਦੇ ਨਾਲ-ਨਾਲ ਹਿੱਤਾਂ ਦੇ ਟਕਰਾਅ ਕਮਿਸ਼ਨਰ ਦੀ ਨਿਯੁਕਤੀ ਲਈ ਵਿਸ਼ੇਸ਼ ਕਮੇਟੀ ਦੇ ਕਨਵੀਨਰ ਸਨ। ਉਨ੍ਹਾਂ ਇੱਕ ਡਰੱਗ ਅਤੇ ਅਲਕੋਹਲ ਸਲਾਹਕਾਰ, ਘਰੇਲੂ ਹਿੰਸਾ ਦਾ ਸਾਹਮਣਾ ਕਰ ਰਹੀਆਂ ਔਰਤਾਂ ਲਈ ਇੱਕ ਸਹਾਇਕ ਵਰਕਰ ਅਤੇ ਇੱਕ ਕਮਿਊਨਿਟੀ ਕਾਰਕੁਨ ਵਜੋਂ ਕੰਮ ਕੀਤਾ ਹੈ। ਰਚਨਾ ਸਿੰਘ 2001 ਵਿੱਚ ਭਾਰਤ ਤੋਂ ਕੈਨੇਡਾ ਆਏ ਸਨ। ਉਨ੍ਹਾਂ ਦੇ ਦੋ ਬੱਚੇ ਹਨ ਅਤੇ ਉਨ੍ਹਾਂ ਦੇ ਪਤੀ ਗੁਰਪ੍ਰੀਤ ਸਿੰਘ ਨਾਮਵਰ ਪੱਤਰਕਾਰ ਹਨ। ਵਰਨਣਯੋਗ ਹੈ ਕਿ ਰਚਨਾ ਸਿੰਘ ਦੇ ਪਿਤਾ ਡਾ. ਰਘਬੀਰ ਸਿੰਘ ਪੰਜਾਬੀ ਦੇ ਨਾਮਵਰ ਵਿਦਵਾਨ ਹਨ ਅਤੇ ਸਾਹਿਤਕ ਖੇਤਰ ਵਿਚ ਉਨ੍ਹਾਂ ਦਾ ਵੱਡਮੁੱਲਾ ਯੋਗਦਾਨ ਹੈ। ਉਹ ਪਿਛਲੇ 52 ਸਾਲ ਤੋਂ ਪੰਜਾਬੀ ਵਿਚ 'ਸਿਰਜਣਾ' (ਤ੍ਰੈ-ਮਾਸਿਕ) ਮੈਗਜ਼ੀਨ ਦੀ ਸੰਪਦਨਾ ਕਰ ਰਹੇ ਹਨ।

## ਹਾਊਸਿੰਗ ਮੰਤਰੀ ਅਤੇ ਗਵਰਨਮੈਂਟ ਹਾਊਸ ਲੀਡਰ ਰਵੀ ਕਾਹਲੋਂ



ਰਵੀ ਕਾਹਲੋਂ ਪਹਿਲੀ ਵਾਰ ਮਈ 2017 ਵਿੱਚ ਡੈਲਟਾ ਉੱਤਰੀ ਤੋਂ ਐਮਐਲਏ ਚੁਣੇ ਗਏ ਸਨ ਅਤੇ ਨਵੰਬਰ 2020 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਨੌਕਰੀਆਂ, ਆਰਥਿਕ ਰਿਕਵਰੀ ਅਤੇ ਇਨੋਵੇਸ਼ਨ ਬਾਰੇ ਮੰਤਰੀ ਬਣਾਇਆ ਗਿਆ ਸੀ। ਉਨ੍ਹਾਂ ਨੇ ਪਹਿਲਾਂ ਜੰਗਲਾਤ, ਜ਼ਮੀਨਾਂ, ਕੁਦਰਤੀ ਸਰੋਤ ਸੰਚਾਲਨ ਅਤੇ ਪੇਂਡੂ ਵਿਕਾਸ ਲਈ ਸੰਸਦੀ ਸਕੱਤਰ ਦੇ ਤੌਰ 'ਤੇ ਸੇਵਾ ਕੀਤੀ, ਜਿੱਥੇ ਉਨ੍ਹਾਂ ਬੀ ਸੀ ਦੇ ਜੰਗਲਾਤ ਖੇਤਰ ਵਿੱਚ ਵੱਡੇ ਪੱਧਰ 'ਤੇ ਲੱਕੜ ਦੀ ਵਰਤੋਂ ਅਤੇ ਨਵੀਨਤਾ ਦੀ ਅਗਵਾਈ ਕੀਤੀ। ਖੇਡ ਅਤੇ ਬਹੁ-ਸੱਭਿਆਚਾਰ ਲਈ ਸੰਸਦੀ ਸਕੱਤਰ ਵਜੋਂ ਉਨ੍ਹਾਂ ਬੀ ਸੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਬਹਾਲ ਕਰਨ ਵਿੱਚ ਮਦਦ ਕੀਤੀ ਅਤੇ ਇੱਕ ਨਸਲਵਾਦ ਵਿਰੋਧੀ ਰਣਨੀਤੀ ਬਣਾਉਣ ਲਈ ਸੂਬੇ ਦੀ ਯਾਤਰਾ ਕੀਤੀ। ਨੌਕਰੀਆਂ, ਆਰਥਿਕ ਰਿਕਵਰੀ ਅਤੇ ਇਨੋਵੇਸ਼ਨ ਮੰਤਰੀ ਹੋਣ ਦੇ ਨਾਤੇ ਉਨ੍ਹਾਂ ਦੀ ਪਹਿਲੀ ਤਰਜੀਹ ਮਹਾਂਮਾਰੀ ਦੁਆਰਾ ਪਰਿਵਾਰਾਂ ਅਤੇ ਭਾਈਚਾਰਿਆਂ ਦੀ ਸਹਾਇਤਾ ਕਰਨਾ ਰਹੀ ਹੈ ਅਤੇ ਉਹ ਲੰਬੇ ਸਮੇਂ ਦੀ ਸਥਿਰਤਾ ਲਈ ਨੌਕਰੀਆਂ ਲਈ ਰਣਨੀਤੀ ਵਿਕਸਤ ਕਰਨ ਅਤੇ ਪ੍ਰਦਾਨ ਕਰਨ ਲਈ ਕਾਰੋਬਾਰੀਆਂ, ਕਰਮਚਾਰੀਆਂ, ਪਹਿਲੇ ਰਾਸ਼ਟਰ ਦੇ ਲੋਕਾਂ ਅਤੇ ਭਾਈਚਾਰਿਆਂ ਨਾਲ ਮਿਲ ਕੇ ਕੰਮ ਕਰ ਰਹੇ ਹਨ। ਖੇਡਾਂ ਅਤੇ ਐਥਲੈਟਿਕ ਮੁਕਾਬਲੇ ਲਈ ਉਨ੍ਹਾਂ ਦੀ ਵਿਸ਼ੇਸ਼ ਦਿਲਚਸਪੀ ਸਦਕਾ ਉਨ੍ਹਾਂ ਦੇ ਨਜ਼ਰੀਆ ਵਿਸ਼ਾਲ ਹੈ। ਸੱਤ ਸਾਲ ਦੀ ਉਮਰ ਵਿਚ ਹੀ ਉਨ੍ਹਾਂ ਦੇ ਪਿਤਾ ਨੇ ਉਨ੍ਹਾਂ ਨੂੰ ਫੀਲਡ ਹਾਕੀ ਖੇਡਣ ਲਈ ਪ੍ਰੇਰਿਤ ਕੀਤਾ। ਉਹ 2000 ਅਤੇ 2008 ਦੀਆਂ ਓਲੰਪਿਕ ਖੇਡਾਂ ਵਿੱਚ ਫੀਲਡ ਹਾਕੀ ਦੀ ਟੀਮ ਕੈਨੇਡਾ ਲਈ ਖੇਡ ਚੁੱਕੇ ਹਨ।

## ਕਿਰਤ ਮੰਤਰੀ ਹੈਰੀ ਬੈਂਸ



ਹੈਰੀ ਬੈਂਸ ਪਹਿਲੀ ਵਾਰ ਮਈ 2005 ਵਿਧਾਇਕ ਚੁਣੇ ਗਏ ਸਨ ਅਤੇ ਫਿਰ 2009, 2013, 2017 ਅਤੇ 2020 ਤੱਕ ਲਗਾਤਾਰ ਵਿਧਾਇਕ ਬਣਦੇ ਆ ਰਹੇ ਹਨ। ਉਹ 2017 ਤੋਂ ਕਿਰਤ ਮੰਤਰੀ ਰਹੇ ਹਨ। ਹੈਰੀ ਬੈਂਸ ਕਈ ਸਾਲਾਂ ਤੋਂ ਸਰੀ ਕਮਿਊਨਿਟੀ ਵਿੱਚ ਸਰਗਰਮ ਹਨ। ਉਨ੍ਹਾਂ ਨੇ 1993 ਤੋਂ 1999 ਤੱਕ ਕਵਾਂਟਲੇਨ ਯੂਨੀਵਰਸਿਟੀ ਕਾਲਜ ਦੇ ਬੋਰਡ ਆਫ਼ ਗਵਰਨਰਜ਼ ਵਿੱਚ ਤਿੰਨ ਸਾਲਾਂ ਲਈ ਉਪ-ਚੇਅਰ ਵਜੋਂ ਸੇਵਾ ਕੀਤੀ ਅਤੇ ਹੈਬੀਟੇਟ ਫਾਰ ਹਿਊਮੈਨਿਟੀ ਸਮੇਤ ਕਮਿਊਨਿਟੀ ਸੰਸਥਾਵਾਂ ਨਾਲ ਵੀ ਸਵੈਇੱਛਤ ਕੰਮ ਕੀਤਾ ਹੈ। ਉਨ੍ਹਾਂ ਦਾ ਕਮਿਊਨਿਟੀ ਸੇਵਾ ਵਿੱਚ ਇੱਕ ਵਿਆਪਕ ਪਿਛੋਕੜ ਹੈ। ਉਹ ਮਜ਼ਦੂਰਾਂ ਅਤੇ ਮਨੁੱਖੀ ਅਧਿਕਾਰਾਂ ਲਈ ਜੀਵਨ ਭਰ ਵਕੀਲ ਰਹੇ ਹਨ। ਉਹ 15 ਸਾਲਾਂ ਤੋਂ ਵੱਧ ਸਮੇਂ ਲਈ ਸਟੀਲਵਰਕਰਜ਼-ਆਈਡਬਲਯੂਏ ਕੈਨੇਡਾ ਲੋਕਲ 2171 ਦੇ ਚੁਣੇ ਹੋਏ ਅਧਿਕਾਰੀ ਸਨ। ਉਨ੍ਹਾਂ ਨੇ ਆਪਣੇ ਸਥਾਨਕ ਉਪ-ਪ੍ਰਧਾਨ ਵਜੋਂ ਸੇਵਾ ਕੀਤੀ, ਜਿੱਥੇ ਉਨ੍ਹਾਂ ਕਾਮਿਆਂ ਲਈ ਬਿਹਤਰ ਕੰਮ ਕਰਨ ਦੀਆਂ ਸਥਿਤੀਆਂ ਲਈ ਗੱਲਬਾਤ ਵਿੱਚ ਹਿੱਸਾ ਲਿਆ। ਉਹ ਆਪਣੀ ਪਤਨੀ ਰਾਜਵਿੰਦਰ ਨਾਲ ਸਰੀ ਵਿੱਚ ਰਹਿੰਦੇ ਹਨ। ਉਨ੍ਹਾਂ ਦੇ ਦੋ ਬੱਚੇ ਕੁਲਪ੍ਰੀਤ ਅਤੇ ਜੈਸਮੀਨ ਹਨ।

## ਟਰੇਡ ਮਨਿਸਟਰ ਔਫ ਸਟੇਟ ਜਗਰੂਪ ਬਰਾੜ



ਜਗਰੂਪ ਬਰਾੜ ਪਹਿਲੀ ਵਾਰ 2004 ਵਿੱਚ ਸਰੀ ਵਿੱਚ ਵਿਧਾਇਕ ਵਜੋਂ ਚੁਣੇ ਗਏ ਸਨ ਅਤੇ 2013 ਤੱਕ ਸੇਵਾ ਕਰਦੇ ਰਹੇ। ਉਹ 2017 ਅਤੇ 2020 ਵਿੱਚ ਸਰੀ-ਫਲੀਟਵੁੱਡ ਦੇ ਵਿਧਾਇਕ ਵਜੋਂ ਦੁਬਾਰਾ ਚੁਣੇ ਗਏ ਸਨ। ਉਨ੍ਹਾਂ ਪਹਿਲਾਂ ਇੱਕ ਸਰਕਾਰੀ ਕਾਕਸ ਚੇਅਰ ਅਤੇ ਵਿਸ਼ੇਸ਼ ਕਮੇਟੀ ਦੇ ਚੇਅਰ ਵਜੋਂ ਸੇਵਾ ਨਿਭਾਈ। ਚੋਣ ਐਕਟ ਦੇ ਉਪਬੰਧਾਂ ਦੀ ਸਮੀਖਿਆ ਕਰਨ ਲਈ ਅਤੇ ਮੁੱਖ ਚੋਣ ਅਧਿਕਾਰੀ ਦੀ ਨਿਯੁਕਤੀ ਲਈ ਵਿਸ਼ੇਸ਼ ਕਮੇਟੀ ਦੇ ਮੈਂਬਰ ਰਹੇ। ਅਧਿਕਾਰਤ ਵਿਰੋਧੀ ਧਿਰ ਵਿੱਚ ਹੁੰਦਿਆਂ ਜਗਰੂਪ ਬਰਾੜ ਨੇ ਛੋਟੇ ਕਾਰੋਬਾਰ, ਸਿਹਤਮੰਦ ਰਹਿਣ-ਸਹਿਣ ਅਤੇ ਖੇਡ, ਰੁਜ਼ਗਾਰ ਅਤੇ ਆਮਦਨੀ ਸਹਾਇਤਾ ਦੇ ਨਾਲ-ਨਾਲ ਸਾਲੀਸਿਟਰ ਜਨਰਲ ਅਤੇ ਪਬਲਿਕ ਸੇਫਟੀ ਲਈ ਅਧਿਕਾਰਤ ਵਿਰੋਧੀ ਧਿਰ ਦੇ ਬੁਲਾਰੇ ਵਜੋਂ ਕੰਮ ਕੀਤਾ। ਪੰਜਾਬ ਦੇ ਦਿਓਣ ਪਿੰਡ ਵਿੱਚ ਪੈਦਾ ਹੋਇਆ ਜਗਰੂਪ ਬਰਾੜ ਭਾਰਤੀ ਰਾਸ਼ਟਰੀ ਬਾਸਕਟਬਾਲ ਟੀਮ ਦਾ ਖਿਡਾਰੀ ਰਿਹਾ ਅਤੇ ਉਸਨੇ ਫਿਲਾਸਫੀ ਵਿੱਚ ਮਾਸਟਰ ਡਿਗਰੀ ਹਾਸਲ ਕੀਤੀ। ਫਿਰ ਉਹ ਪਬਲਿਕ ਐਡਮਿਨਿਸਟ੍ਰੇਸ਼ਨ ਦੀ ਪੜ੍ਹਾਈ ਕਰਨ ਲਈ ਕੈਨੇਡਾ ਆ ਗਿਆ ਅਤੇ ਮੈਨੀਟੋਬਾ ਯੂਨੀਵਰਸਿਟੀ ਤੋਂ ਐਮਪੀਏ ਡਿਗਰੀ ਪ੍ਰਾਪਤ ਕੀਤੀ। ਇੱਕ ਦਹਾਕੇ ਤੋਂ ਵੱਧ ਸਮੇਂ ਤੱਕ, ਜਗਰੂਪ ਬਰਾੜ ਨੇ ਜਨਤਕ ਅਤੇ ਗੈਰ-ਲਾਭਕਾਰੀ ਖੇਤਰਾਂ ਵਿੱਚ ਕੰਮ ਕੀਤਾ। ਸਰੀ ਸਵੈ ਰੁਜ਼ਗਾਰ ਅਤੇ ਉੱਦਮੀ ਵਿਕਾਸ ਸੁਸਾਇਟੀ (ਸੀਡਜ਼) ਦੇ ਕਾਰਜਕਾਰੀ ਨਿਰਦੇਸ਼ਕ ਵਜੋਂ, ਜਗਰੂਪ ਨੇ ਨਵੇਂ ਉੱਦਮੀਆਂ ਨੂੰ ਸਫਲ ਛੋਟੇ ਕਾਰੋਬਾਰੀ ਉੱਦਮਾਂ ਨੂੰ ਵਿਕਸਤ ਕਰਨ ਅਤੇ ਸ਼ੁਰੂ ਕਰਨ ਲਈ ਸਿਖਲਾਈ ਦਿੱਤੀ। ਜਗਰੂਪ ਬਰਾੜ ਕਈ ਸਾਲਾਂ ਤੋਂ ਸਰੀ ਭਾਈਚਾਰੇ ਵਿੱਚ ਸਰਗਰਮ ਹੈ। ਉਹ ਇੱਕ ਸਮਰਪਿਤ ਸਥਾਨਕ ਵਲੰਟੀਅਰ ਹੈ ਅਤੇ ਨੌਜਵਾਨਾਂ, ਬਜ਼ੁਰਗਾਂ, ਬੇਘਰਿਆਂ, ਅਤੇ ਨਵੇਂ ਕੈਨੇਡੀਅਨਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਕਈ ਸਥਾਨਕ ਸੰਸਥਾਵਾਂ ਨਾਲ ਉਸ ਨੇ ਕੰਮ ਕੀਤਾ ਹੈ। ਜਗਰੂਪ ਨਿਮਨ ਵਰਗ ਦੇ ਲੋਕਾਂ ਲਈ ਇੱਕ ਵਕੀਲ ਹੈ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਗਰੀਬੀ ਹੰਢਾਅ ਰਹੇ ਲੋਕਾਂ ਦੀ ਭਲਾਈ ਹਿਤ ਕਾਰਜਸ਼ੀਲ ਹੈ। ਜਗਰੂਪ ਬਰਾੜ ਆਪਣੀ ਪਤਨੀ ਰਾਜਵੰਤ ਅਤੇ ਆਪਣੇ ਦੋ ਬੱਚਿਆਂ ਨੂਰ ਅਤੇ ਫਤਿਹ ਨਾਲ ਸਰੀ ਵਿੱਚ ਰਹਿੰਦਾ ਹੈ।

## ਅਟਾਰਨੀ ਜਨਰਲ ਨਿੱਕੀ ਸ਼ਰਮਾ



ਨਿੱਕੀ ਸ਼ਰਮਾ ਇੱਕ ਕੈਨੇਡੀਅਨ ਸਿਆਸਤਦਾਨ ਅਤੇ ਵਕੀਲ ਹੈ। ਉਹ 2020 ਦੀਆਂ ਆਮ ਚੋਣਾਂ ਵਿੱਚ ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਲਈ ਚੁਣੀ ਗਈ ਸੀ। ਉਹ ਬ੍ਰਿਟਿਸ਼ ਕੋਲੰਬੀਆ ਨਿਊ ਡੈਮੋਕਰੇਟਿਕ ਪਾਰਟੀ ਦੀ ਮੈਂਬਰ ਵਜੋਂ ਵੈਨਕੂਵਰ-ਹੇਸਟਿੰਗਜ਼ ਦੇ ਚੋਣਾਵੀ ਜ਼ਿਲ੍ਹੇ ਦੀ ਨੁਮਾਇੰਦਗੀ ਕਰਦੀ ਹੈ। ਐਮ.ਐਲ.ਏ. ਬਣਨ ਤੋਂ ਪਹਿਲਾਂ ਵਿੱਕੀ ਸ਼ਰਮਾ ਨੇ 2016 ਤੋਂ ਵੈਨਸੀਟੀ ਦੇ ਬੋਰਡ ਆਫ਼ ਡਾਇਰੈਕਟਰਜ਼ ਦੇ ਉਪ-ਚੇਅਰ ਵਜੋਂ ਸੇਵਾ ਕੀਤੀ ਅਤੇ 2000 ਵਿੱਚ ਸਥਾਪਿਤ ਕੀਤੀ ਗਈ


SUNNY SANGHA • PERSONAL REAL ESTATE CORPORATION

14317 31A AVENUE, SURREY




Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

UNIT 2808 13615 FRASER HWY




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

LOT B 20444 46A AVENUE, LANGLEY




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

#92 15111 EDMUND DRIVE



Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

LOT A 33734 MAYFAIR AVENUE, SURREY

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

ਇੱਕ ਵਾਤਾਵਰਣ ਸੰਸਥਾ ਸਟੈਂਡ ਅਰਥ ਲਈ ਕਾਰਜ ਕੀਤਾ, ਉਹ ਤੇਲ ਅਤੇ ਗੈਸ ਪ੍ਰਚਾਰਕ ਅਤੇ ਵੈਨਕੂਵਰ ਪਾਰਕਸ ਬੋਰਡ ਦੀ ਚੇਅਰ ਪਰਸਨ ਵੀ ਰਹੇ। ਉਨ੍ਹਾਂ 2014 ਵਿਚ ਵੈਨਕੂਵਰ ਸਿਟੀ ਕੌਂਸਲਰ ਲਈ ਚੋਣ ਲੜੀ ਪਰ ਸਫਲਤਾ ਹਾਸਲ ਨਹੀਂ ਸੀ ਹੋਈ। 26 ਨਵੰਬਰ, 2020 ਨੂੰ ਪ੍ਰੀਮੀਅਰ ਜੌਹਨ ਹੌਰਗਨ ਨੇ ਉਨ੍ਹਾਂ ਨੂੰ ਭਾਈਚਾਰਕ ਵਿਕਾਸ ਅਤੇ ਗੈਰ-ਲਾਭਕਾਰੀ ਲਈ ਸੰਸਦੀ ਸਕੱਤਰ ਨਿਯੁਕਤ ਕੀਤਾ ਸੀ ਅਤੇ ਹੁਣ ਪ੍ਰੀਮੀਅਰ ਡੇਵਿਡ ਇਬੀ ਵੱਲੋਂ ਉਨ੍ਹਾਂ ਨੂੰ ਅਟਾਰਨੀ ਜਨਰਲ ਬਣਾਇਆ ਗਿਆ ਹੈ।

## ਪਾਰਲੀਮਾਨੀ ਸਕੱਤਰ ਅਮਨਦੀਪ ਸਿੰਘ

ਅਮਨਦੀਪ ਸਿੰਘ 2020 ਵਿੱਚ ਰਿਚਮੰਡ-ਕਵੀਨਜ਼ਬਰੋ ਤੋਂ ਵਿਧਾਇਕ ਚੁਣੇ ਗਏ ਸਲ। ਉਨ੍ਹਾਂ ਨੇ ਸਮਾਜਿਕ ਪਹਿਲਕਦਮੀਆਂ 'ਤੇ ਕੈਬਨਿਟ ਕਮੇਟੀ ਦੇ ਮੈਂਬਰ ਵਜੋਂ, ਸਮਾਜਿਕ ਪਹਿਲਕਦਮੀਆਂ 'ਤੇ ਸਰਕਾਰੀ ਕਾਕਸ ਕਮੇਟੀ ਦੇ ਚੇਅਰ ਵਜੋਂ ਅਤੇ ਮਾਨਸਿਕ ਸਿਹਤ, ਨਸ਼ਾਖੋਰੀ ਅਤੇ ਬੇਘਰਿਆਂ ਲਈ ਕੈਬਨਿਟ ਕਾਰਜਕਾਰੀ ਸਮੂਹ ਦੇ ਤੌਰ 'ਤੇ ਸੇਵਾ ਕੀਤੀ। ਉਹ ਇੱਕ ਉੱਘੇ ਸਿਵਲ ਅਤੇ ਮਨੁੱਖੀ ਅਧਿਕਾਰਾਂ ਦੇ ਵਕੀਲ ਹਨ। ਬੀ ਸੀ ਪ੍ਰੋਵਿੰਸ਼ੀਅਲ ਅਤੇ ਸੁਪਰੀਮ ਕੋਰਟਾਂ ਅਤੇ ਬੀ ਸੀ ਕੋਰਟ ਆਫ਼ ਅਪੀਲ ਵਿੱਚ ਕਾਰਜਸ਼ੀਲ ਹਨ। ਉਹ ਇੱਕ ਸਮਾਜਿਕ ਤੌਰ 'ਤੇ ਚੇਤੰਨ ਸਮਾਲ ਬਿਜਨੈੱਸਮੈਨ ਹਨ ਅਤੇ ਪ੍ਰੋ: ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ, ਐਸੋਸੀਏਸ਼ਨ ਆਫ ਲੀਗਲ ਏਡ ਲਾਇਰਜ਼, ਸਿੱਖ ਕੈਡੇਟਸ ਸੁਸਾਇਟੀ ਦੇ ਫਰੈਂਡਜ਼, ਪੀਪਲਜ਼ ਲੀਗਲ ਐਜੂਕੇਸ਼ਨ ਸੁਸਾਇਟੀ ਦੇ ਸਰਗਰਮ ਵਰਕਰ ਹਨ ਅਤੇ ਕਵਾਂਟਲੇਨ ਪੌਲੀਟੈਕਨਿਕ ਯੂਨੀਵਰਸਿਟੀ ਦੇ ਗਵਰਨਰ ਵਜੋਂ ਸੇਵਾ ਨਿਭਾਅਚੁੱਕੇ ਹਨ। ਨਸ਼ਾਖੋਰੀ ਦੀ ਬਿਮਾਰੀ ਅਤੇ ਇਸ ਦੀ ਰੋਕਥਾਮ ਦੀ ਸੰਭਾਵਨਾ ਲਈ ਕਾਰਜ ਕਰਨ ਅਮਨਦੀਪ ਸਿੰਘ ਦੇ ਮਿਸ਼ਨਾਂ ਵਿੱਚੋਂ ਇੱਕ ਹੈ। ਉਨ੍ਹਾਂ ਨੂੰ ਨਸ਼ਿਆਂ ਅਤੇ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਲੋਕਾਂ ਅਤੇ ਪਰਿਵਾਰਾਂ ਨੂੰ ਦਰਪੇਸ਼ ਚੁਣੌਤੀਆਂ ਦੀ ਡੂੰਘੀ ਸਮਝ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਭਾਈਚਾਰੇ ਜੋ ਸਾਰੇ ਲੋਕਾਂ ਦੀ ਦੇਖਭਾਲ ਅਤੇ ਸਤਿਕਾਰ ਨੂੰ ਉਤਸ਼ਾਹਿਤ ਕਰਨਾ ਹੀ ਸਫਲਤਾ ਦੀ ਕੁੰਜੀ ਹਨ।



ਅਮਨਦੀਪ ਦਾ ਜਨਮ ਭਾਰਤ ਵਿੱਚ ਹੋਇਆ ਸੀ, ਉਨ੍ਹਾਂ ਦਾ ਪਾਲਣ ਪੋਸ਼ਣ ਹਾਂਗਕਾਂਗ ਵਿੱਚ ਹੋਇਆ ਸੀ ਅਤੇ ਉਹ ਆਪਣੇ ਪਰਿਵਾਰ ਨਾਲ ਰਿਚਮੰਡ ਵਿਖੇ ਰਹਿ ਰਹੇ ਹਨ। ਅਮਨਦੀਪ ਸਿੰਘ ਦੀ ਜੀਵਨ ਸਾਥਣ ਕੈਟਰੀਨਾ ਅਤੇ ਇਕ ਬੱਚੀ ਲੇਨੀ ਹੈ।

## ਹਰਵਿੰਦਰ ਸੰਧੂ ਸੰਸਦੀ ਸਕੱਤਰ

ਹਰਵਿੰਦਰ ਸੰਧੂ 2020 ਵਿੱਚ ਵਰਨਨ-ਮੋਨਾਸ਼ੀ ਲਈ ਵਿਧਾਇਕ ਚੁਣੇ ਗਏ ਸਨ। ਉਨ੍ਹਾਂ ਕੋਵਿਡ 'ਤੇ ਕੈਬਨਿਟ ਵਰਕਿੰਗ ਗਰੁੱਪ, ਪੁਲਿਸ ਐਕਟ ਵਿੱਚ ਸੁਧਾਰ ਕਰਨ ਲਈ ਵਿਸ਼ੇਸ਼ ਕਮੇਟੀ ਅਤੇ ਵਿੱਤ ਅਤੇ ਸਰਕਾਰੀ ਸੇਵਾਵਾਂ 'ਤੇ ਚੁਣੀ ਗਈ ਸਥਾਈ ਕਮੇਟੀ ਦੇ ਮੈਂਬਰ ਵਜੋਂ ਕੰਮ ਕੀਤਾ ਹੈ। ਵਿਧਾਇਕ ਚੁਣੇ ਜਾਣ ਤੋਂ ਪਹਿਲਾਂ ਉਹ ਵਰਨਨ ਜੁਬਲੀ ਹਸਪਤਾਲ ਵਿੱਚ ਇੱਕ ਰਜਿਸਟਰਡ ਨਰਸ ਸਨ ਅਤੇ ਮਰੀਜਾਂ ਦੀ ਦੇਖਭਾਲ ਕੋਆਰਡੀਨੇਟਰ ਵਜੋਂ ਕੰਮ ਕਰਦੇ ਸਨ। ਬੀ ਸੀ ਨਰਸਜ਼ ਯੂਨੀਅਨ ਦੀ ਸਰਗਰਮ ਮੈਂਬਰ ਸਨ ਅਤੇ ਉਨ੍ਹਾਂ ਮੋਜ਼ੇਕ ਆਫ਼ ਕਲਰ ਕਾਕਸ ਦੀ ਸੂਬਾਈ ਚੇਅਰ ਅਤੇ ਲਾਬੀ ਕੋਆਰਡੀਨੇਟਰ



ਵਜੋਂ ਕੰਮ ਕੀਤਾ। ਬੀ ਸੀ ਨਰਸਜ਼ ਯੂਨੀਅਨ ਵਿਚ ਉਹ ਲੰਬਾ ਸਮਾਂ ਹੈਲਥ ਐਡਵੋਕੇਟ ਰਹੇ ਅਤੇ ਕਈ ਚੈਰੀਟੇਬਲ ਪਹਿਲਕਦਮੀਆਂ 'ਤੇ ਕੰਮ ਕੀਤਾ। ਆਪਣੇ ਪਹਿਲੇ ਪਤੀ ਸੈਮੀ ਦੀ ਕੈਂਸਰ ਨਾਲ ਮੌਤ ਹੋਣ ਤੋਂ ਬਾਅਦ ਅਤੇ ਆਪਣੀਆਂ ਛੋਟੀਆਂ ਬੇਟੀਆਂ ਨਾਲ ਵਰਨਨ ਜਾਣ ਤੋਂ ਪਹਿਲਾਂ 7 ਸਾਲਾਂ ਤੋਂ ਵੱਧ ਸਮੇਂ ਲਈ ਉਨ੍ਹਾਂ ਮਿੱਲਜ਼ ਮੈਮੋਰੀਅਲ ਹਸਪਤਾਲ ਵਿੱਚ ਟੈਰੇਸ ਵਿੱਚ ਉੱਤਰੀ ਸਿਹਤ ਨਾਲ ਕੰਮ ਕੀਤਾ। ਆਪਣੇ ਸਾਥੀ ਹੈਲਥਕੇਅਰ ਵਰਕਰ ਬਲਜੀਤ ਨਾਲ ਵਿਆਹ ਤੋਂ ਬਾਅਦ ਹਰਵਿੰਦਰੀ ਸੰਧੂ ਵਰਨਨ ਦੇ ਸੁੰਦਰ ਕਸਬੇ ਵਿੱਚ ਰਹਿ ਰਹੇ ਹਨ ਅਤੇ ਯੂਨੀਵਰਸਿਟੀ ਤੋਂ ਐਲੀਮੈਂਟਰੀ ਸਕੂਲ ਤੱਕ ਦੀ ਉਮਰ ਦੇ ਤਿੰਨ ਬੱਚਿਆਂ ਦਾ ਪਾਲਣ ਪੋਸ਼ਣ ਕਰ ਰਹੇ ਹਨ।

## ਸਿੱਧੂ ਮੂਸੇਵਾਲਾ ਦੇ ਪਿਤਾ ਨੇ ਕਿਹਾ: ਐੱਸ.ਵਾਈ.ਐੱਲ. ਗਾਣਾ ਪਹਿਲਾਂ ਰਿਲੀਜ਼ ਕਰ ਦਿੰਦੇ ਤਾਂ ਸ਼ਾਇਦ ਸਿੱਧੂ ਬਚ ਜਾਂਦਾ



ਮਾਨਸਾ-ਮਾਨਸਾ ਵਿਖੇ ਹੋਈ ਨੰਬਰਦਾਰ ਯੂਨੀਅਨ ਦੀ ਸੂਬਾ ਪੱਧਰੀ ਮੀਟਿੰਗ ਦੇ ਵਿੱਚ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਸਿੱਧੂ ਮੂਸੇਵਾਲੇ ਨੂੰ ਯਾਦ ਕਰਦਿਆਂ ਭਾਵੁਕ ਹੋ ਗਏ ਅਤੇ ਕਿਹਾ ਕਿ ਉਨ੍ਹਾਂ ਦਾ ਪੁੱਤਰ ਜਿਸ ਰਸਤੇ 'ਤੇ ਤੋਰ ਕੇ ਗਿਆ ਹੈ, ਉਹ ਉਸ ਰਸਤੇ 'ਤੇ ਚੱਲਦੇ ਰਹਿਣਗੇ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਵੀ ਪੰਜਾਬ ਦੇ ਹੱਕਾਂ ਦੀ ਗੱਲ ਕਰਨ ਲੱਗ ਪਿਆ ਸੀ, ਉਨ੍ਹਾਂ ਕਿਹਾ ਕਿ ਮੇਰਾ ਪਰਿਵਾਰ ਬਹੁਤਾ ਰਾਜਨੀਤਿਕ ਨਹੀਂ, ਪਰ ਸਿੱਧੂ ਇੱਕ ਪੜ੍ਹਿਆ ਲਿਖਿਆ ਸੀ ਤੇ ਸਾਰੀਆਂ ਚੀਜਾਂ ਨੂੰ ਨੇੜੇ ਤੋਂ ਸਮਝਦਾ ਸੀ। ਸਿੱਧੂ ਨੂੰ ਸੱਥ ਵਿੱਚ ਬੈਠਣਾ ਕਾਫੀ ਪਸੰਦ ਸੀ . ਉਹਨਾਂ ਨੇ ਦੱਸਿਆ ਕਿ ਜਦੋਂ ਸਿੱਧੂ ਨੇ ਐਸਵਾਈਐਲ ਗਾਣਾ ਉਸਨੂੰ ਸੁਣਾਇਆ ਤਾਂ ਉਸਨੇ ਪੁੱਤਰ ਨੂੰ ਕਿਹਾ ਕਿ ਇੱਕ ਮਹੀਨਾ ਵਿਆਹ ਤੱਕ ਰੁਕ ਜਾਵੇ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਹ ਗਾਣਾ ਰਿਲੀਜ਼ ਹੋਣ ਤੋਂ ਬਾਅਦ ਜੇਲ੍ਹ ਜਾਣਾ ਪੈਣਾ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਹੁਣ ਪਛਤਾਵਾ ਹੈ ਜੇਕਰ ਉਹ ਗਾਣਾ ਪਹਿਲਾਂ ਰਿਲੀਜ਼ ਕਰ ਦਿੰਦੇ ਤਾਂ ਸ਼ਾਇਦ ਸਿੱਧੂ ਨੂੰ ਜੇਲ੍ਹ ਜਾਣਾ ਪੈਂਦਾ ਅਤੇ ਪਰਚਾ ਹੋ ਜਾਂਦਾ ਸ਼ਾਇਦ ਸਿੱਧੂ ਬਚ ਜਾਂਦਾ, ਸਿੱਧੂ ਅੱਜ ਸਾਡੇ ਵਿੱਚ ਹੁੰਦਾ, ਉਨ੍ਹਾਂ ਨੇ ਕਿਹਾ ਕਿ ਹੁਣ ਉਨ੍ਹਾਂ ਨੂੰ ਕੋਈ ਵੀ ਪੈਸਾ ਜਾਂ ਸ਼ੋਹਰਤ ਨਹੀਂ ਚਾਹੀਦੀ, ਕਿਉਂਕਿ ਉਨ੍ਹਾਂ ਦੇ ਪੁੱਤਰ ਨੇ ਬਹੁਤ ਕੁਝ ਕਮਾ ਕੇ ਦਿੱਤਾ ਹੈ । ਉਹ ਆਪਣੀ ਬਾਕੀ ਰਹਿੰਦੀ ਜ਼ਿੰਦਗੀ ਸਮਾਜ ਸੇਵਾ ਵਿੱਚ ਲਗਾਉਣਗੇ, ਉਥੇ ਹੀ ਉਨ੍ਹਾਂ ਨੇ ਕਿਹਾ ਕਿ ਨੰਬਰਦਾਰਾ ਦੀਆਂ ਬਹੁਤ ਜ਼ੁੰਮੇਵਾਰੀਆਂ ਹੁੰਦੀਆਂ ਹਨ ਤੇ ਯੂਨੀਅਨ ਨੂੰ ਜਦੋਂ ਵੀ ਉਨ੍ਹਾਂ ਦੀ ਲੋੜ ਹੋਵੇਗੀ ਤਾਂ ਉਹ ਉਨ੍ਹਾਂ ਨਾਲ ਮੋਢੇ ਨਾਲ ਮੋਢਾ ਜੋੜਗੇ ਖੜ੍ਹਨਗੇ।

## ਇਸਲਾਮਾਬਾਦ ਦੇ ਸੰਡੇ ਬਾਜਾਰ ਵਿਚ ਲੱਗੀ ਭਿਆਨਕ ਅੱਗ, 300 ਦੁਕਾਨਾਂ ਸੜ ਕੇ ਸੁਆਹ



ਇਸਲਾਮਾਬਾਦ-ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਦੇ ਮਸਹੂਰ ਸੰਡੇ ਬਾਜਾਰ ਵਿਚ ਲੱਗੀ ਭਿਆਨਕ ਅੱਗ ਵਿਚ 300 ਦੁਕਾਨਾਂ ਅਤੇ ਸਟਾਲ ਸੜ ਕੇ ਸੁਆਹ ਹੋ ਗਏ। ਅੱਗ ਬਾਜਾਰ ਦੇ ਗੇਟ ਨੰਬਰ ਸੱਤ ਨੇੜੇ ਲੱਗੀ, ਜਿੱਥੇ ਪੁਰਾਣੇ ਕੱਪੜੇ ਅਤੇ ਗਲੀਚਿਆਂ ਦੀ ਵਿਕਰੀ ਹੁੰਦੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਅੱਗ ਬੁਝਾਉਣ ਲਈ ਫਾਇਰ ਵਿਭਾਗ ਦੀਆਂ 10 ਗੱਡੀਆਂ ਨੂੰ ਮੌਕੇ 'ਤੇ ਭੇਜਿਆ ਗਿਆ। ਪਾਕਿਸਤਾਨੀ ਹਵਾਈ ਸੈਨਾ ਦੇ ਦੋ ਫਾਇਰਫਾਈਟਰਜ ਨੇ ਵੀ ਅੱਗ ਬੁਝਾਉਣ ਵਿੱਚ ਮਦਦ ਕੀਤੀ। ਇਸ ਘਟਨਾ ਵਿੱਚ ਕਿਸੇ ਜਾਨੀ ਨੁਕਸਾਨ ਦੀ ਕੋਈ ਖਬਰ ਨਹੀਂ ਹੈ। ਇਹ ਅੱਗ ਇੰਨੀ ਭਿਆਨਕ ਸੀ ਕਿ ਇਸ ਨੇ ਜਲਦੀ ਹੀ 300 ਤੋਂ ਵੱਧ ਦੁਕਾਨਾਂ ਨੂੰ ਆਪਣੀ ਲਪੇਟ ਵਿਚ ਲੈ ਲਿਆ। ਇਸ ਘਟਨਾ ਦਾ ਨੋਟਿਸ ਲੈਂਦਿਆਂ ਪਾਕਿਸਤਾਨ ਦੇ ਗ੍ਰਹਿ ਮੰਤਰੀ ਰਾਣਾ ਸਨਾਉੱਲਾ ਨੇ ਜਿਲ੍ਹਾ ਪ੍ਰਸਾਸਨ ਤੋਂ ਰਿਪੋਰਟ ਮੰਗੀ ਹੈ। ਇਸ ਦੇ ਨਾਲ ਹੀ ਡਿਪਟੀ ਕਮਿਸਨਰ ਨੂੰ ਬਚਾਅ ਕਾਰਜਾਂ ਦੀ ਨਿਗਰਾਨੀ ਕਰਨ ਲਈ ਕਿਹਾ ਗਿਆ ਹੈ। ਪੁਲਸ ਨੇ ਬਾਜਾਰ ਨੂੰ ਜਾਣ ਵਾਲੇ ਸਾਰੇ ਰਸਤਿਆਂ ਨੂੰ ਸੀਲ ਕਰ ਦਿੱਤਾ ਹੈ। ਇਸਲਾਮਾਬਾਦ ਪੁਲਿਸ ਨੇ ਟਵੀਟ ਕਰਕੇ ਨਾਗਰਿਕਾਂ ਨੂੰ ਬਚਾਅ ਕਾਰਜ ਵਿੱਚ ਮਦਦ ਕਰਨ ਲਈ ਕਿਹਾ ਹੈ।


ROHITA PANNU
LAW CORPORATION
BARRISTER & SOLICITOR




SERVICES
- ALL NOTARY PUBLIC
- WILLS & ESTATE
- RESIDENTIAL & COMMERCIAL
- REAL ESTATE BUYING & SELLING
- MORTGAGES
- DIVORCE/ FAMILY LAW

- ਨੋਟਰੀ ਸੇਵਾਵਾਂ
- ਵਸੀਅਤਨਾਮਾ
- ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ
- ਹਲਫੀਆ ਬਿਆਨ
- ਘਰਾਂ ਦੀ ਖਰੀਦੋ- ਫਰੋਖਤ
- ਮੋਰਟਗੇਜ਼
- ਤਲਾਕ (ਫੈਮਲੀ-ਲਾਅ)

Ph: 604.589.1399
Fax : 604.589.1556
www.rohitapannulaw.com
# 102-9278, 120th Street, Surrey, BC V3V 4W8


ਸਪੈਸ਼ਲ ਸੇਲ !
www.dream-carpets.com
dream carpets
Shaw FLOORS
Ansonylon
STAINMASTER CARPET
ClearTouch
from $1.98 SF Berber Installed
Textured Saxony Installed from $2.28 SF
Laminate Floor 8.3mm thick 25 years warranty Click Do It Yourself German technology .99 cent
Commercial Carpet Starts From .78 cent
Berber Starts From .78 cent
Area Rug (5x8) Starts From $68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਬੰਦਾ ਸਿੰਘ ਬਹਾਦਰ ਦੀ ਗ੍ਰਿਫਤਾਰੀ ਤੇ ਸਿੰਘਾਂ ਦਾ ਕਤਲ

1619 17 ਦਸੰਬਰ 1715 ਈ: ਨੂੰ, ਸਿੰਘਾਂ ਗੜ੍ਹੀ ਦਾ ਬੂਹਾ ਸੀ ਖੋਲ੍ਹ ਦਿੱਤਾ।
ਕਈ ਮਹੀਨੇ ਨੇੜੇ ਨਾ ਜੋ ਢੁੱਕੀ, ਸ਼ਾਹੀ ਫ਼ੌਜ ਨੇ ਹੱਲਾ ਬੋਲ ਦਿੱਤਾ।
ਪਾਇਆ ਵਾਸਤਾ ਕੁਰਾਨ ਸ਼ਰੀਫ ਦਾ ਜੋ, ਦਲੇਰ ਜੰਗ ਨੇ ਪੈਰਾਂ ਵਿਚ ਰੋਲ ਦਿੱਤਾ।
ਹਰਚੰਦ ਸਿੰਘਾ ਸਭ ਨੂੰ ਕੈਦ ਕਰਕੇ, ਚੱਪਾ ਚੱਪਾ ਗੜ੍ਹੀ ਦਾ ਫੋਲ ਦਿੱਤਾ॥
1620 ਕਈ ਸੌ ਸਿੰਘ ਸੀ ਹੱਥ ਆਏ, ਕਹਿਰ ਸੂਬੇ ਨੇ ਉਥੇ ਵਰਤਾਇਆ ਏ।
ਤੁਰਨਯੋਗ ਤਾਂ ਬੰਨ੍ਹ ਲਏ ਗੱਡਿਆਂ ਤੇ, ਬਾਕੀ ਪਿਆਂ ਨੂੰ ਕਤਲ ਕਰਾਇਆ ਏ।
ਸੀਸ ਤਿੰਨ ਸੌ ਲੱਦਕੇ ਗੱਡਿਆਂ ਤੇ, ਚਾਲਾ ਵੱਲ ਲਾਹੌਰ ਦੇ ਪਾਇਆ ਏ।
ਹਰਚੰਦ ਸਿੰਘਾ ਬੰਦਾ ਨਾ ਉਡ ਜਾਏ, ਪਾ ਕੇ ਪਿੰਜਰੇ ਜੰਦਰਾ ਲਾਇਆ ਏ॥

### ਸਿੰਘ ਲਾਹੌਰ ਲਿਆਉਣੇ

1621 ਪਹਿਲਾਂ ਸਿੰਘਾਂ ਨੂੰ ਸ਼ਹਿਰ ਲਹੌਰ ਆਂਦਾ, ਖ਼ੂਬ ਵਾਜੇ-ਗਾਜੇ ਵਜਾ ਕੇ ਜੀ।
ਮੁਲਕ ਜੁੜਿਆ ਉਨ੍ਹਾਂ ਦੇ ਵੇਖਣੇ ਨੂੰ, ਵੇਖਣ ਬੰਦੇ ਨੂੰ ਨਿਗ੍ਹਾ ਟਿਕਾ ਕੇ ਜੀ।
ਫਿਰ ਜ਼ਕਰੀਆ ਦਿੱਲੀ ਨੂੰ ਲੈ ਤੁਰਿਆ, ਫੌਜਾਂ ਅੱਗੇ-ਪਿੱਛੇ ਲਗਾ ਕੇ ਜੀ।
ਹਰਚੰਦ ਸਿੰਘਾ 27 ਫਰਵਰੀ 1716 ਨੂੰ, ਪੇਸ਼ ਕੀਤੇ ਦਿੱਲੀ ਲਿਜਾ ਕੇ ਜੀ॥
1622 ਬਾਦਸ਼ਾਹ ਤੋਂ ਰੁਤਬੇ ਲੈਣ ਦੇ ਲਈ, ਜ਼ਕਰੀਆ ਖਾਂ ਨੇ ਅੱਤਿਆਚਾਰ ਕੀਤੇ।
ਸੱਦ ਚੌਧਰੀ ਅਤੇ ਮੁਤਾਹਿਤਾਂ ਨੂੰ, ਹੁਕਮ ਦੇ ਦੇ ਖਬਰਦਾਰ ਕੀਤੇ।
ਝੰਡੇ ਗੱਡੀਏ ਜਾ ਬਹਾਦਰੀ ਦੇ, ਨਿਦੋਸ਼ੇ ਸਿੰਘਾਂ ਦੇ ਉਨ੍ਹਾਂ ਸ਼ਿਕਾਰ ਕੀਤੇ।
740 ਬੰਨ੍ਹੇ ਹਰਚੰਦ ਸਿੰਘਾ, ਬਾਕੀ ਕਤਲ ਸੀ ਬੇ-ਸ਼ੁਮਾਰ ਕੀਤੇ॥

### ਦਿੱਲੀ ਵਿੱਚ ਸਿੰਘਾਂ ਦਾ ਕਤਲੇਆਮ ਕਰਨਾ

1623 ਫ਼ਰਕਸ਼ੀਅਰ ਨੇ ਕਰੀ ਨਾ ਮੂਲ ਦੇਰੀ, ਸਰਬਰਾਹ ਖਾਂ ਨੂੰ ਹੁਕਮ ਸੁਣਾ ਦਿੱਤੇ।
694 ਕੋਤਵਾਲ ਨੂੰ ਸੌਂਪ ਦਿੱਤੇ, ਬਾਕੀ ਕਿਲ੍ਹੇ ਦੇ ਵਿਚ ਪਹੁੰਚਾ ਦਿੱਤੇ।
ਸੌ ਸੌ ਕਰਕੇ ਕਤਲ ਜਲਾਦਾਂ ਨੇ, ਪੰਜਾਂ ਦਿਨਾਂ ਦੇ ਵਿਚ ਮੁਕਾ ਦਿੱਤੇ।
ਹਰਚੰਦ ਸਿੰਘਾ ਦੇਸ਼ ਤੇ ਕੌਮ ਬਦਲੇ, ਸਿਰ ਸਿਦਕੀ ਸਿੰਘਾਂ ਨੇ ਲਾ ਦਿੱਤੇ॥

### ਬੰਦਾ ਸਿੰਘ ਬਹਾਦਰ ਤੇ ਉਸਦੇ ਸਿੰਘਾਂ ਤੇ ਤਸ਼ੱਦਦ

1624 ਬੰਦਾ ਸਿੰਘ ਤੇ ਉਸਦੇ ਅਹਿਲਕਾਰਾਂ, ਤਿੰਨ ਮਹੀਨੇ ਕਸ਼ਟ ਸਹਾਰਿਆ ਏ।
ਕਿੱਥੇ ਕਿੱਥੇ ਖ਼ਜਾਨਾ ਦੱਬਿਆ ਏ, ਏਸ ਵਾਸਤੇ ਕੁੱਟਿਆ ਮਾਰਿਆ ਏ।
ਜਿਸਮ ਸਾੜੇ ਕਰਕੇ ਲਾਲ ਲੋਹਾ, ਨਾਲ ਜਮੂਰਾਂ ਮਾਸ ਉਤਾਰਿਆ ਏ।
ਹਰਚੰਦ ਸਿੰਘਾ ਕਿਸੇ ਨਾ ਈਨ ਮੰਨੀ, ਸਿਦਕ ਜਿੱਤਿਆ ਤੇ ਸਿੱਤਮ ਹਾਰਿਆ ਏ॥
1625 19 ਜੂਨ ਦਾ ਖ਼ੂਨੀ ਦਿਨ ਆਇਆ, ਸਤਾਰਾਂ ਸੌ ਤੇ ਸੋਲਵਾਂ ਸਾਲ ਹੈ ਸੀ।
ਬੰਦਾ ਸਿੰਘ ਨੂੰ ਕਿਲ੍ਹੇ 'ਚੋਂ ਬਾਹਰ ਆਂਦਾ, ਸਿੰਘ ਸਰਦਾਰ ਵੀ ਉਸਦੇ ਨਾਲ ਹੈ ਸੀ।
ਬਖਤਿਆਰ ਕਾਕੀ ਦੀ ਦਰਗਾਹ ਦੇ ਕੋਲ ਆ ਕੇ, ਸਭ ਨੂੰੜ ਕੇ ਲਏ ਬਹਾਲ ਹੈ ਸੀ।
ਬੰਦਾ ਸਿੰਘ ਦੀ ਗੋਦ ਹਰਚੰਦ ਸਿੰਘਾ, ਚਾਰ ਸਾਲ ਦਾ ਉਸਦਾ ਬਾਲ ਹੈ ਸੀ॥
1626 ਸਰਬਰਾਹ ਖਾਂ ਕੋਤਵਾਲ ਨੇ ਕਿਹਾ ਆ ਕੇ, ਬਾਦਸ਼ਾਹ ਦਾ ਸੁਣੋ ਫਰਮਾਨ ਸਿੰਘੋ।
ਸੜੀ ਸਿੱਖੀ ਤੋਂ ਤੁਸਾਂ ਨੇ ਕੀ ਲੈਣਾ, ਇਸਲਾਮ ਨੂੰ ਕਰੋ ਪਰਵਾਨ ਸਿੰਘੋ।
ਗੁਨਾਹ ਥੋੜੇ ਹੋਣਗੇ ਮਾਫ਼ ਸਾਰੇ, ਪੜ੍ਹੋ ਆਇਤਾਂ ਖੋਲ੍ਹ ਕੁਰਾਨ ਸਿੰਘੋ।
ਹਰਚੰਦ ਸਿੰਘਾ ਹਿੰਦੂ ਤੋਂ ਸਿੰਘ ਹੋਏ, ਹੁਣ ਸਿੰਘਾਂ ਤੋਂ ਹੋ ਮੁਸਲਮਾਨ ਸਿੰਘੋ॥

### ਭਾਈ ਬਾਜ ਸਿੰਘ ਦਾ ਉੱਤਰ

1627 ਬਾਜ ਸਿੰਘ ਨੇ ਕਿਹਾ ਸੁਣ ਮੀਆਂ, ਲਾਉਣੀ ਸਿੱਖੀ ਨੂੰ ਅਸਾਂ ਨੇ ਲੀਕ ਨਾ ਹੀ।
ਅਸੀਂ ਸਿੱਖੀ ਲਈ ਮਰਨਾ ਸੌ ਵਾਰੀ, ਕਦੇ ਜੀਣ ਦੀ ਮੰਗਣੀ ਭੀਖ ਨਾ ਹੀ।
ਤੇਰੇ ਜ਼ੁਲਮ ਨੂੰ ਕੰਬਣੀ ਛਿੜ ਜਾਣੀ, ਸਾਡੇ ਮੂੰਹੋਂ ਨਿਕਲਣੀ ਚੀਕ ਨਾ ਹੀ।
ਹਰਚੰਦ ਸਿੰਘਾ ਅਸਾਂ ਨਹੀਂ ਮੂਲ ਕਰਨਾ, ਜੋ ਸਿੱਖੀ ਅਸੂਲਾਂ ਦੇ ਠੀਕ ਨਾ ਹੀ॥
1628 ਕਾਲੇ ਕੱਪੜੇ ਪਾ ਜਲਾਦ ਆਏ, ਇੱਧਰ ਸਿੰਘ ਵੀ ਨਾਅਰੇ ਲਾਉਣ ਲੱਗੇ।
ਕਾਤਲ ਇਕ ਨੂੰ ਆਉਣ ਲਈ ਕਹਿਣ ਲੱਗੇ, ਸਿੰਘ ਦੋ ਦੋ ਮੂਹਰੇ ਆਉਣ ਲੱਗੇ।
ਇਸਲਾਮ ਸੀ ਗਸ਼ੀਆਂ ਖਾਣ ਲੱਗੀ, ਸਿੰਘ ਹੱਸ ਸ਼ਹੀਦੀਆਂ ਪਾਉਣ ਲੱਗੇ।
ਹਰਚੰਦ ਸਿੰਘਾ ਸਿੰਘਾਂ ਨੂੰ ਚਾਉ ਚੜ੍ਹਿਆ, ਵੇਖਣ ਵਾਲੇ ਸੀ ਹੰਝੂ ਬਹਾਉਣ ਲੱਗੇ॥
1629 ਬੰਦਾ ਸਿੰਘ ਦੇ ਸਾਹਮਣੇ ਸੂਰਿਆਂ ਨੇ, ਧੜਾਂ ਨਾਲੋਂ ਸੀਸ ਲੁਹਾ ਦਿੱਤੇ।
ਮੰਨੀ ਈਨ ਤੇ ਛੱਡਿਆ ਧਰਮ ਨਾ ਹੀ, ਸਿੱਖ ਰਾਜ ਦੀ ਝੋਲੀ ਵਿਚ ਪਾ ਦਿੱਤੇ।
ਗੁਰਾਂ ਵਲੋਂ ਮੂੰਹ ਨਾ ਮੋੜਿਆ ਏ, ਘਰ-ਵਾਰ ਸੀ ਸਭ ਲੁਟਾ ਦਿੱਤੇ।
ਹਰਚੰਦ ਸਿੰਘਾ ਇਤਿਹਾਸ ਦੇ ਪੰਨਿਆਂ ਤੇ, ਨਾਲ ਖ਼ੂਨ ਦੇ ਹਰਫ ਲਿਖਾ ਦਿੱਤੇ॥

### ਚਾਰ ਸਾਲ ਦੇ ਅਜੈ ਸਿੰਘ ਦਾ ਪਿਤਾ ਬੰਦਾ ਸਿੰਘ ਬਹਾਦਰ ਨੂੰ ਸਵਾਲ

1630 ਅਜੈ ਸਿੰਘ ਪਿਤਾ ਨੂੰ ਪੁੱਛਦਾ ਏ, ਕਦੋਂ ਚੱਲਾਂਗੇ ਮਾਤਾ ਦੇ ਕੋਲ ਪਾਪਾ।
ਚਿਰ ਹੋ ਗਿਆ ਘਰੋਂ ਚੱਲਿਆਂ ਨੂੰ, ਰਹੀ ਹੋਣੀਆਂ ਆਪਾਂ ਨੂੰ ਟੋਲ੍ਹ ਪਾਪਾ।
ਕਿਹੜੀ ਗੱਲੋਂ ਅੱਖਾਂ ਨੇ ਲਾਲ ਹੋਈਆਂ, ਕੁੱਝ ਆਪਣੇ ਮੂੰਹੋਂ ਵੀ ਬੋਲ ਪਾਪਾ।
ਹੱਥ ਪੈਰ ਕਿਉਂ ਬੰਨੇ ਹਰਚੰਦ ਸਿੰਘਾ, ਚੱਲ ਚੱਲੀਏ ਇਨ੍ਹਾਂ ਨੂੰ ਖੋਲ੍ਹ ਪਾਪਾ॥

### ਪਿਤਾ ਦਾ ਪੁੱਤਰ ਨੂੰ ਉੱਤਰ

1631 ਸਮਾਂ ਜਾਣ ਦਾ ਆ ਗਿਆ ਬਹੁਤ ਨੇੜੇ, ਆਪਾਂ ਹੋਈਏ ਛੇਤੀ ਤਿਆਰ ਬੇਟਾ।
ਵੱਡੀ ਮਾਂ ਉਡੀਕਦੀ ਪਈ ਸਾਨੂੰ, ਜੋਰਾਵਰ, ਫਤਹਿ ਸਿੰਘ, ਅਜੀਤ ਜੁਝਾਰ ਬੇਟਾ।
ਇੱਕ ਸੁੰਦਰ ਬਬਾਨ ਹੈ ਆਉਣ ਵਾਲਾ, ਆਪਾਂ ਜਾਣਾ ਉਡਾਰੀਆਂ ਮਾਰ ਬੇਟਾ।
ਹਰਚੰਦ ਸਿੰਘਾ ਰੱਖਣਗੇ ਯਾਦ ਤੈਨੂੰ, ਜਦੋਂ ਤੱਕ ਹੈ ਇਹ ਸੰਸਾਰ ਬੇਟਾ॥

### ਸਰਬਰਾਹ ਖਾਂ ਤੇ ਮੁਲਾਣਿਆਂ ਦਾ ਬੰਦਾ ਸਿੰਘ ਨੂੰ ਆਖਣਾ

1632 ਸਰਬਰਾਹ ਖਾਂ ਲੈ ਮੁਲਾਣਿਆਂ ਨੂੰ, ਬੰਦਾ ਸਿੰਘ ਦੇ ਕੋਲ ਫਿਰ ਆਇਆ ਏ।
ਉਹੀ ਪਾਇਆ ਆਣ ਸਵਾਲ ਉਸਨੇ, ਜੋ ਉਸਨੂੰ ਗਿਆ ਪੜ੍ਹਾਇਆ ਏ।
ਮੁੱਲਾਂ ਆਖਦਾ ਬੰਦਿਆ ਬਣ ਬੰਦਾ, ਮੱਥਾ ਨਾਲ ਪਹਾੜ ਕਿਉਂ ਲਾਇਆ ਏ।
ਹਰਚੰਦ ਸਿੰਘਾ ਆਪਣੇ ਨਾਲ ਤੈਂ ਤਾਂ, ਬੱਚੇ-ਬੀਵੀਆਂ ਤਾਈਂ ਰੁਲਾਇਆ ਏ॥
1633 ਵੈਰਾਗੀ ਸੰਤ ਤੂੰ ਭਗਤੀਆਂ ਕਰਨ ਵਾਲਾ, ਪੁੱਠੇ ਪਾਸੇ ਤੈਨੂੰ ਹੈ ਲਾ ਦਿੱਤਾ।
ਸਰਬੰਸ ਆਪਣਾ ਜਿਸ ਬਰਬਾਦ ਕੀਤਾ, ਬਰਵਾਦੀ ਵੱਲ ਤੈਨੂੰ ਵੀ ਪਾ ਦਿੱਤਾ।
ਮੌਜਾਂ ਵਿਚ ਨਾਂਦੇੜ ਦੇ ਮਾਣਦਾ ਸੀ, ਵੇਖ ਕਿੱਥੋਂ ਕਿੱਥੇ ਪਹੁੰਚਾ ਦਿੱਤਾ।
ਹਰਚੰਦ ਸਿੰਘਾ ਭੱਜਿਆ ਆਪ ਡਰਕੇ, ਉਥੋਂ ਜਾ ਕੇ ਤੈਨੂੰ ਭਜਾ ਦਿੱਤਾ॥
1634 ਦਿੱਲੀ ਰਾਜ ਤੇ ਕੋਹ ਹਿਮਾਲੀਆ ਏ, ਚੂਹੇ ਕੀੜੀਆਂ ਇਸ ਨੂੰ ਢਾਵਣਾ ਕੀ।
ਮਿਣ ਹੋਣ ਨਾ ਪਾਣੀ ਸਮੁੰਦਰਾਂ ਦੇ, ਮੁੱਠੀ ਰੇਤ ਨੇ ਦੱਸ ਸੁਕਾਵਣਾ ਕੀ।
ਕਾਲੀ ਰਾਤ ਦਾ ਕਿਸੇ ਨਾ ਅੰਤ ਪਾਇਆ, ਇਕ ਦੀਵੇ, ਹਨੇਰ ਮਿਟਾਵਣਾ ਕੀ।
ਮਾਰੂਥਲਾਂ ਦੇ ਵਿਚ ਹਰਚੰਦ ਸਿੰਘਾ, ਇਕ ਕਣੀ ਨੇ ਹੜ੍ਹ ਲਿਆਵਣਾ ਕੀ॥
1635 ਅਜੇ ਸਮਾਂ ਇਸਲਾਮ ਕਬੂਲ ਕਰ ਲੈ, ਬਾਦਸ਼ਾਹ ਤੋਂ ਜਾਨ ਬਖ਼ਸ਼ਾਦਾਂਗੇ।
ਮੌਜਾਂ ਕਰੀਂ ਪਰਿਵਾਰ ਦੇ ਵਿਚ ਰਹਿ ਕੇ, ਕਿਸੇ ਸ਼ਹਿਰ ਦਾ ਰਾਜ ਦਵਾਂਦਾਂਗੇ।
ਇਨਕਾਰ ਕੀਤਾ ਤਾਂ ਪਿਉ ਤੇ ਪੁੱਤ ਤਾਈਂ, ਹੱਡਾ-ਰੋੜੀ ਦੇ ਵਿਚ ਲਟਕਾਦਾਂਗੇ।
ਹਰਚੰਦ ਸਿੰਘਾ ਅਜੈ ਦੀ ਪਾੜ ਛਾਤੀ, ਦਿਲ ਕੱਢ ਕੇ ਤੇਰੇ ਮੂੰਹ ਪਾਦਾਂਗੇ॥

### ਬੰਦਾ ਸਿੰਘ ਬਹਾਦਰ ਜੀ ਦਾ ਉੱਤਰ

1636 ਬੰਦਾ ਸਿੰਘ ਨੇ ਕੜਕ ਜਵਾਬ ਦਿੱਤਾ, ਬੰਦ ਕਰ ਤੂੰ ਗੰਦੀ ਜ਼ੁਬਾਨ ਮੀਆਂ।
ਅਸੀਂ ਵਿਕਾਂਗੇ ਤੇਰੇ ਟੁੱਕੜਾਂ ਤੇ, ਇਹੋ ਜਿਹੇ ਨਹੀਂ ਇਨਸਾਨ ਮੀਆਂ।
ਸੀਸ ਕੱਟ ਕੇ ਟੰਗੇ ਜੋ ਨੇਜ਼ਿਆਂ ਤੇ, ਝੰਡੇ ਝੂਲਦੇ ਸਾਡੇ ਅਸਮਾਨ ਮੀਆਂ।
ਹਰਚੰਦ ਸਿੰਘਾ ਕਦ ਉਹ ਮੁੜਨ ਪਿੱਛੇ, ਹੋਣਾ ਦੇਸ਼ ਤੋਂ ਜਿਨ੍ਹਾਂ ਕੁਰਬਾਨ ਮੀਆਂ॥
1637 ਛੇਤੀ ਕਰ ਤੇ ਸੱਦ ਜਲਾਦਾਂ ਨੂੰ, ਜੋ ਕਰਨਾ ਉਹੋ ਤੂੰ ਕਰ ਖਾਨਾਂ।
ਅਸੀਂ ਪਰਵਾਨੇ ਲਾਟ ਤੇ ਸੜਨ ਵਾਲੇ, ਸਾਨੂੰ ਮੂਲ ਨਾ ਮੌਤ ਦਾ ਡਰ ਖਾਨਾ।
ਅਸੀਂ ਮੌਤ 'ਚੋਂ ਜਿੰਦਗੀ ਪਾਉਣ ਵਾਲੇ, ਅਮਰ ਹੋਣਾ ਅਸੀਂ ਤੇ ਮਰ ਖਾਨਾ।
ਹਰਚੰਦ ਸਿੰਘਾ ਤੇਰੀ ਕਬਰ ਉਤੇ, ਭਾਰਾ ਪੱਥਰ ਜਾਣਾ ਏ ਧਰ ਖਾਨਾ॥
1638 ਸਾਨੂੰ ਮਾਰਕੇ ਇਹ ਨਾ ਸਮਝ ਲੈਣਾ, ਅੱਗ ਸਿੱਖੀ ਦੀ ਤੁਸਾਂ ਬੁਝਾ ਦਿੱਤੀ।
ਰਹੂ ਧੁਖਦੀ ਜੰਗਲਾਂ ਬੇਲਿਆਂ ਥੀਂ, ਚੰਗਾਰੀ ਹਰ ਪੱਤੇ ਨੂੰ ਲਾ ਦਿੱਤੀ।
ਰਾਜ ਜ਼ੁਲਮ ਦਾ ਸਾੜ ਕੇ ਰਾਖ ਕਰਨਾ, ਤੈਨੂੰ ਸੌ ਦੀ ਇਕ ਸੁਣਾ ਦਿੱਤੀ।
ਹਰਚੰਦ ਸਿੰਘਾ ਮੁੱਠੀ ਭਰ ਸਿੰਘਾਂ, ਚੇਤੇ ਨਾਨੀ ਹੈ ਥੋਨੂੰ ਕਰਵਾ ਦਿੱਤੀ॥

*(ਬਾਕੀ ਅਗਲ ਅੰਕ ਵਿਚ)*

49 YEARS OF EXCELLENCE 1973 THE LINK GROUP 2022
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।




# ਖ਼ੂਨ 'ਚ ਘੱਟ ਪਲੇਟਲੈੱਟ ਹੋਣ ਦਾ ਮਤਲਬ ਡੇਂਗੂ ਨਹੀਂ



ਖ਼ੂਨ ਵਿੱਚ ਪਲੇਟਲੈੱਟ ਘੱਟਣ ਦਾ ਮਤਲਬ ਸਿਰਫ ਡੇਂਗੂ ਨਹੀਂ ਹੁੰਦਾ। ਡਾਕਟਰ ਹੋਣ ਦੇ ਨਾਤੇ ਹਮੇਸ਼ਾ ਲੋਕਾਂ ਨੂੰ ਸਰੀਰ ਵਿਚ ਪਾਣੀ ਦੀ ਘਾਟ ਤੋਂ ਬਚਣ ਅਤੇ ਡੇਂਗੂ ਤੋਂ ਬਚਣ ਲਈ ਚੰਗੀ ਸਫ਼ਾਈ



ਬਣਾਏ ਰੱਖਣ ਲਈ ਭਰਪੂਰ ਪਾਣੀ ਪੀਣ ਦੀ ਸਲਾਹ ਦਿੱਤੀ ਜਾਂਦੀ ਹੈ। ਬੁਖਾਰ ਦੇ ਮਾਮਲੇ ਵਿੱਚ ਮਰੀਜ਼ਾਂ ਨੂੰ ਪੇਰਾਸਿਟਾਮੋਲ ਲੈਣਾ ਚਾਹੀਦਾ ਹੈ ਅਤੇ ਬਲੱਡ ਪ੍ਰੈਸ਼ਰ, ਪਲੱਸ ਰੇਟ ਵਿੱਚ ਵਾਧਾ ਅਤੇ ਜੇਕਰ ਪੀਸੀਵੀ ਬਲੱਡ ਕਾਊਂਟ 50 ਤੋਂ ਜ਼ਿਆਦਾ ਹੋ ਜਾਂਦਾ ਹੈ ਤਾਂ ਇਸ ਉੱਤੇ ਬਰੀਕੀ ਨਜ਼ਰ ਰੱਖਣੀ ਚਾਹੀਦੀ ਹੈ। ਪਲੇਟਲੈੱਟ ਕਾਊਂਟ ਪੂਰੀ ਤਰ੍ਹਾਂ ਨਾਲ ਭਰੋਸੇਯੋਗ ਨਹੀਂ ਹਨ ਅਤੇ ਕੁੱਝ ਵੀ ਨਿਰਣਾਇਕ ਨਹੀਂ ਦੱਸਦੇ। ਦੂਜੇ ਸ਼ਬਦਾਂ ਵਿੱਚ, ਪਲੇਟਲੈੱਟ ਦੀ ਕਮੀ ਚਿੰਤਾਜਨਕ ਨਹੀਂ ਹੈ, ਨਾ ਹੀ ਕੇਵਲ ਪਲੇਟਲੈੱਟ ਟਰਾਂਸਫਿਊਜ਼ਨ ਹੀ ਕਿਸੇ ਦੇ ਜੀਵਨ ਨੂੰ ਬਚਾ ਸਕਦਾ ਹੈ।

ਤੇਜ਼ੀ ਨਾਲ ਡਿੱਗਣ ਵਾਲੇ ਪਲੇਟਲੈੱਟਸ ਪਲਾਜ਼ਮਾ ਲੀਕੇਜ ਨੂੰ ਟਰਿਗਰ ਕਰ ਸਕਦੇ ਹਨ, ਜਿਸਦੀ ਨਿਗਰਾਨੀ ਦੀ ਜ਼ਰੂਰਤ ਹੈ ਪਰ 10,000-12,000 ਤੱਕ ਦੇ ਘੱਟ ਪਲੇਟਲੈੱਟ ਕਾਊਂਟ ਜੀਵਨ ਲਈ ਖ਼ਤਰਾ ਨਹੀਂ ਹਨ। ਹਾਲਾਂਕਿ, ਇੱਕ ਵਾਰ ਪਲੇਟਲੈੱਟਸ 20,000 ਦੇ ਪੱਧਰ ਤੋਂ ਹੇਠਾਂ ਹੋਣ ਦੇ ਬਾਅਦ, ਮਰੀਜ਼ ਨੂੰ ਦਾਖਿਲ ਕਰ ਕੇ ਉਸ ਅੰਦਰ ਪਾਣੀ ਦੀ ਘਾਟ ਪੂਰੀ ਕਰੀ ਜਾਣੀ ਚਾਹੀਦੀ ਹੈ ਅਤੇ ਨਾਲ ਹੀ ਉਸਦੀ ਹਾਲਤ 'ਤੇ ਬਾਰੀਕੀ ਨਾਲ ਡਾਕਟਰੀ ਨਜ਼ਰ ਵੀ ਬਣਾਈ ਰੱਖਣੀ ਚਾਹੀਦੀ ਹੈ।

ਘੱਟ ਪਲੇਟਲੈੱਟ ਕਾਊਂਟ ਹੋਰ ਬੀਮਾਰੀਆਂ ਜਿਵੇਂ ਮਲੇਰੀਆ, ਟਾਇਫਾਈਡ, ਵਾਇਰਲ ਫੀਵਰ, ਕਾਲ਼ਾ ਫੀਵਰ ਆਦਿ ਦਾ ਲੱਛਣ ਵੀ ਹੋ ਸਕਦਾ ਹੈ। ਹਾਲਾਂਕਿ ਇਹ ਲੱਛਣ ਡੇਂਗੂ ਦੇ ਮਾਮਲਿਆਂ ਵਿੱਚ ਵੀ ਮੌਜੂਦ ਹਨ ਪਰ ਇਸ ਤੋਂ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਇਸਦੀ ਬਜਾਏ ਵਿਅਕਤੀ ਨੂੰ ਰੋਗ ਦੀ ਉਚਿੱਤ ਜਾਂਚ ਲਈ ਜਾਣਾ ਚਾਹੀਦਾ ਹੈ। ਜੇਕਰ ਸਰੀਰ ਵਿਚ ਪਾਣੀ ਦੀ ਘਾਟ ਦੇ ਸਾਥੀ- ਲੱਛਣ ਜਿਵੇਂ ਲਗਾਤਾਰ ਤੇਜ਼ ਬੁਖਾਰ, ਰਕਤਸਰਾਵ, ਉਲਟੀ, ਮਤਲੀ ਤਾਂ ਡੇਂਗੂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

ਰੋਗੀਆਂ 'ਚੋਂ ਇੱਕ ਸੁਨੀਤਾ ਨੇ ਪਿਛਲੇ ਹਫ਼ਤੇ ਆਪਣੇ ਗੋਡਿਆਂ ਅਤੇ ਮੋਡੇ ਦੇ ਬਲੇਡ ਵਿੱਚ ਦਰਦ ਮਹਿਸੂਸ ਕੀਤਾ। ਉਸ ਨੂੰ ਠੰਡ ਲੱਗ ਰਹੀ ਸੀ ਪਰ ਉਸਦਾ ਤਾਪਮਾਨ ਜ਼ਿਆਦਾ ਸੀ। ਉਸਦੇ ਦੋ ਰਿਸ਼ਤੇਦਾਰ, ਜੋ ਉਸਦੇ ਕੋਲ ਗਏ, ਉਨ੍ਹਾਂ ਦੇ ਲੱਛਣ ਸਮਾਨ ਸਨ ਅਤੇ ਉਨ੍ਹਾਂ ਨੂੰ ਭਰੋਸਾ ਸੀ ਕਿ ਉਨ੍ਹਾਂ ਨੂੰ ਡੇਂਗੂ ਹੈ। ਸੁਨੀਤਾ ਮੇਰੀ ਸਲਾਹ 'ਤੇ ਖ਼ੂਬ ਪਾਣੀ ਪੀਂਦੀ ਰਹੀ, ਘਰ ਹੀ ਆਰਾਮ ਕੀਤਾ ਕੁੱਝ ਦਿਨਾਂ ਦੇ ਅੰਦਰ, ਬੁਖਾਰ ਘੱਟ ਹੋ ਗਿਆ। ਹੁਣ ਥੋੜੀ ਕਮਜ਼ੋਰੀ ਮਹਿਸੂਸ ਕਰਦੀ ਹੈ ਜੋ ਹਰੇਕ ਵਾਇਰਲ ਬੁਖਾਰ ਤੋਂ ਬਾਅਦ ਹੁੰਦੀ ਹੀ ਹੈ।

ਡੇਂਗੂ ਦੇ ਮਾਮਲਿਆਂ ਦੀ ਰਿਪੋਰਟ ਨੂੰ ਹਾਈ ਅਲਰਟ ਉੱਤੇ ਰੱਖਣ ਦੇ ਨਾਲ, ਦੇਰ ਵਲੋਂ ਆਉਣ ਵਾਲੇ ਨਾਗਰਿਕਾਂ ਨੂੰ ਇਹ ਮੰਨਣੇ ਦੀ ਜਲਦੀ ਹੁੰਦੀ ਹੈ ਕਿ ਤੇਜ਼ ਬੁਖਾਰ, ਠੰਡ ਲੱਗਣਾ, ਜੋੜਾਂ ਵਿੱਚ ਦਰਦ, ਸਰੀਰ ਦਰਦ, ਘੱਟ ਭੁੱਖ ਲੱਗਣਾ ਅਤੇ ਥਕਾਵਟ ਮਹਿਸੂਸ ਹੋਣ ਦਾ ਮਤਲਬ ਹੈ ਕਿ ਉਹ ਖਤਰਨਾਕ ਰੋਗ ਵਲੋਂ ਪੀੜਤ ਹੋ ਸਕਦਾ ਹੈ ਪਰ ਘੱਟ ਪਲੇਟਲੈੱਟ ਕਾਊਂਟ ਦਾ ਮਤਲਬ ਹਮੇਸ਼ਾ ਇਹ ਨਹੀਂ ਹੁੰਦਾ ਕਿ ਵਿਅਕਤੀ ਡੇਂਗੂ ਬੁਖਾਰ ਤੋਂ ਪੀੜਤ ਹੈ।

ਮਾਨਸੂਨ ਅਤੇ ਪਾਣੀ ਦੇ ਠਹਿਰਾਵ ਕਾਰਨ ਅਤਿਵਿਆਪੀ ਵੈਕਟਰ ਜੈਨੇਟਿਕ ਵਾਇਰਸ ਹਨ। ਹਜ਼ਾਰਾਂ ਵਾਇਰਸ ਤੇਜ਼ੀ ਵੱਲੋਂ ਬਦਲ ਰਹੇ ਹਨ, ਜਿਨ੍ਹਾਂ ਦੀ ਜਾਂਚ ਕਰਨ ਲਈ ਕੋਈ ਕਿਰਿਆਪ੍ਰਣਾਲੀ ਨਹੀਂ ਹੈ। ਇਹ ਵਾਇਰਸ ਨਵੇਂ ਨਹੀਂ ਹਨ ਪਰ ਉਨ੍ਹਾਂ 'ਚੋਂ 10-20 ਫ਼ੀਸਦੀ ਵਿੱਚ ਪਰਿਵਰਤਿਤ ਡੀਏਨਏ, ਸੰਰਚਨਾ ਅਤੇ ਪ੍ਰੋਟੀਨ ਹੁੰਦੇ ਹਨ। ਇਸ ਤਰ੍ਹਾਂ ਦੇ ਡੇਂਗੂ ਜਿਵੇਂ ਲੱਛਣਾਂ ਦੇ ਕਰੀਬ 25 ਮਾਮਲੇ ਮਿਲੇ ਹਨ। ਉਪਚਾਰ ਦਾ ਕੋਰਸ ਸਮਾਨ ਰਹਿੰਦਾ ਹੈ।

ਜੇਕਰ ਮਰੀਜ਼ ਹਰ 3 ਘੰਟੇ ਬਾਅਦ ਮੂਤਰ ਤਿਆਗ ਕਰ ਰਿਹਾ ਹੈ ਤਾਂ ਚਿੰਤਾ ਦੀ ਕੋਈ ਗੱਲ ਨਹੀਂ ਹੈ। ਲਗਾਤਾਰ ਤੇਜ਼ ਬੁਖਾਰ, ਬਹੁਤ ਜ਼ਿਆਦਾ ਕਮਜ਼ੋਰੀ, ਤੇਜ਼ੀ ਵਲੋਂ ਡਿੱਗਦੇ ਪਲੇਟਲੈੱਟਸ ਵਾਲੇ ਰੋਗੀ ਵਿੱਚ ਅਸੀਂ ਰੋਗੀ ਦੇ ਰਕਤਚਾਪ ਉੱਤੇ ਕੜੀ ਨਜ਼ਰ ਰੱਖਦੇ ਹਾਂ ਅਤੇ ਵੇਖਦੇ ਹਾਂ ਕਿ ਕੀ ਪਲਸ ਦਰ ਵੱਧ ਰਹੀ ਹੈ ਅਤੇ ਪੀਸੀਵੀ 50 ਵਲੋਂ ਜ਼ਿਆਦਾ ਹੈ। ਅਨਿਯੋਜਿਤ ਥਰੋਂਬੋਸਾਇਟੋਪੇਨਿਆ ਵਲੋਂ ਜੁ ?ੜੇ ਪ੍ਰਮੁੱਖ ਰਕਤਸਰਾਵ ਦੇ ਲਗਾਤਾਰ ਡਰ ਕਾਰਨ, ਪਲੇਟਲੈੱਟ ਟਰਾਂਸਫਿਊਜ਼ਨ ਲਈ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰਾਂ ਉੱਤੇ ਦਬਾਅ ਅਤੇ ਰੋਗਨਿਰੋਧੀ ਪਲੇਟਲੈੱਟ ਟਰਾਂਸਫਿਊਜ਼ਨ ਉੱਤੇ ਰਸਮੀ ਦਿਸ਼ਾ-ਨਿਰਦੇਸ਼ੋਂ ਦੀ ਘਾਟ ਕਾਰਨ ਅਕਸਰ , ਰਕਤ ਉਤਪਾਦਾਂ ਦਾ ਅਣ-ਉਚਿਤ ਸੰਕਰਮਣ ਹੁੰਦਾ ਹੈ।

ਇਨ੍ਹਾਂ ਰੋਗੀਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਦੁਆਰਾ ਡਾਕਟਰਾਂ ਉੱਤੇ ਵੱਧਦੇ ਹਮਲਿਆਂ ਕਾਰਨ, ਡਾਕਟਰ ਪਲੇਟਲੈੱਟਸ ਟਰਾਂਸਫਿਊਜ਼ ਕਰਕੇ ਇਸਨੂੰ ਸੁਰੱਖਿਅਤ ਖੇਡਦੇ ਹਨ, ਇੱਥੇ ਤੱਕ ਕਿ ਮਜ਼ਬੂਤ ਸੰਕੇਤ ਦੇ ਅਣਹੋਂਦ ਵਿੱਚ ਵੀ। ਇਹ ਪੂਰੇ ਦੇਸ਼ ਵਿੱਚ ਚਰਮ ਡੇਂਗੂ ਦੇ ਮੌਸਮ ਦੌਰਾਨ ਰਕਤ ਉਤਪਾਦਾਂ ਦੀ ਗੰਭੀਰ ਕਮੀ ਨੂੰ ਜੋੜਤਾ ਹੈ। ਇਹ ਰਕਤ ਉਤਪਾਦਾਂ ਦੇ ਹੋਰ ਰੋਗਾਂ ਦੇ ਨਾਲ ਜ਼ਿਆਦਾ ਲਾਇਕ ਬੀਮਾਰ ਰੋਗੀਆਂ ਨੂੰ ਵੰਚਿਤ ਕਰਦਾ ਹੈ। ਇਹ ਸਮਝਣ ਦੀ ਲੋੜ ਹੈ ਕਿ ਪਲੇਟਲੈੱਟ ਕਾਊਂਟਸ ਨੂੰ ਅਸਪਸ਼ਟੀਕ੍ਰਿਤ ਡੇਂਗੂ ਵਿੱਚ ਉਪਚਾਰ ਦਾ ਲਕਸ਼ ਨਹੀਂ ਹੋਣਾ ਚਾਹੀਦਾ ਹੈ ਅਤੇ ਇਸਦੀ ਵਰਤੋਂ ਰੋਗ ਦੀ ਗੰਭੀਰਤਾ ਦਾ ਆਕਲਨ ਕਰਨ ਲਈ ਇੱਕ ਸਮੱਗਰੀ ਦੇ ਰੂਪ ਵਿੱਚ ਨਹੀਂ ਕੀਤੀ ਜਾਣਾ ਚਾਹੀਦੀ ਹੈ।

ਤੇਜ਼ ਬੁਖਾਰ ਅਤੇ ਘੱਟ ਪਲੇਟਲੈੱਟਸ ਲਈ ਜਨਤਾ ਨੂੰ ਘਬਰਾਉਣਾ ਅਤੇ ਹਸਪਤਾਲ ਵਿੱਚ ਭਰਤੀ ਨਹੀਂ ਹੋਣਾ ਚਾਹੀਦਾ ਹੈ। ਹੋਰ ਵਾਇਰਲ ਸੰਕਰਮਣ ਉੱਚ ਬੁਖਾਰ ਅਤੇ ਘੱਟ ਪਲੇਟਲੈੱਟਸ ਕਾਰਨ ਬਣ ਸਕਦੇ ਹਨ ਅਤੇ ਉਨ੍ਹਾਂ ਹਲਾਤਾਂ ਵਿੱਚ ਹਸਪਤਾਲ ਵਿੱਚ ਭਰਤੀ ਹੋਣ ਦੀ ਲੋੜ ਨਹੀਂ ਹੁੰਦੀ। ਮਰੀਜ਼ਾਂ ਨੂੰ ਡੇਂਗੂ ਲਈ ਆਮਤੌਰ ਉੱਤੇ ਦਿੱਤੇ ਜਾਣ ਵਾਲੇ ਸਸਤੇ ਟੈਸਟ ਨਹੀਂ ਕਰਵਾਉਣਾ ਚਾਹੀਦਾ, ਬਾਜ਼ਾਰ ਵਿੱਚ ਇਸ ਤਰ੍ਹਾਂ ਦੇ ਜ਼ਿਆਦਾਤਰ ਟੈਸਟ ਬਹੁਤ ਜ਼ਿਆਦਾ ਭਰੋਸੇਮੰਦ ਨਹੀਂ ਹੁੰਦੇ।

—ਅਮਨਦੀਪ ਅੱਗਰਵਾਲ

### ਉਪਾਅ

- ਬਹੁਤ ਸਾਰਾ ਪਾਣੀ, ਤਰਲ ਪਦਾਰਥ ਲਓ।
- ਪੂਰੀ ਨੀਂਦ ਲਓ।
- ਉੱਚਿਤ ਖਾਣਾ ਖਾਓ।
- ਮੱਛਰਾਂ ਤੋਂ ਬਚਾਅ ਰੱਖਿਆ ਜਾਵੇ।
- ਨਾ ਹੀ ਡਰਿਆ ਜਾਵੇ ਨਾ ਡਰ ਫੈਲਾਇਆ ਜਾਵੇ।



# ਜਵਾਨ ਹੋ ਰਹੇ ਬੱਚਿਆਂ ਪ੍ਰਤੀ ਤੁਹਾਡੇ ਫਰਜ਼

ਮਾਪਿਆਂ ਨੂੰ ਆਪਣੇ ਬੱਚੇ ਪ੍ਰਤੀ ਉਸ ਦੇ ਬਚਪਨ ਤੋਂ ਹੀ ਇਹ ਫਿਕਰ ਲੱਗਾ ਰਹਿੰਦਾ ਹੈ ਕਿ ਉਸ ਦੀ ਚੰਗੀ ਸਿਹਤ ਪ੍ਰਤੀ ਉਸ ਦੇ ਖਾਣ-ਪਾਨ ਦਾ ਪੂਰਾ ਖਿਆਲ ਰੱਖਿਆ ਜਾਵੇ। ਉਸ ਦੀ ਸਿੱਖਿਆ ਪ੍ਰਤੀ ਮਾਪੇ ਹਮੇਸ਼ਾ ਹੀ ਸੁਚੇਤ ਰਹਿੰਦੇ ਹਨ। ਮਾਪਿਆਂ ਦੀ ਕੋਸ਼ਿਸ਼ ਹੁੰਦੀ ਹੈ ਕਿ ਉਨ੍ਹਾਂ ਦਾ ਬੱਚਾ ਪੜ੍ਹ-ਲਿਖ ਕੇ ਉੱਚੇ ਅਹੁਦੇ 'ਤੇ ਪਹੁੰਚੇ। ਇਸ ਮਕਸਦ ਲਈ ਉਹ ਮਹਿੰਗੇ ਤੋਂ ਮਹਿੰਗੇ ਸਕੂਲ 'ਚ ਉਸ ਨੂੰ ਪੜ੍ਹਾਉਂਦੇ ਹਨ ਤਾਂ ਕਿ ਉਹ ਚੰਗੀ ਤਾਲੀਮ ਹਾਸਲ ਕਰਕੇ ਆਸਾਨੀ ਨਾਲ ਉਨ੍ਹਾਂ ਵਲੋਂ ਮਿੱਥੇ ਟੀਚੇ 'ਤੇ ਪਹੁੰਚ ਜਾਵੇ ਤੇ ਉਨ੍ਹਾਂ ਦਾ ਨਾਂਅ ਰੌਸ਼ਨ ਕਰੇ। ਬਚਪਨ ਤੋਂ ਜਵਾਨੀ ਦੀਆਂ ਦਹਿਲੀਜ਼ਾਂ 'ਤੇ ਪੈਰ ਧਰਨ ਤੱਕ ਤਾਂ ਬੱਚੇ ਦੀ ਹਰ ਹਰਕਤ, ਉਸ ਦੀ ਬੋਲਚਾਲ, ਰਹਿਣ-ਸਹਿਣ, ਉਸ ਦੀਆਂ ਆਦਤਾਂ ਤੇ ਉਸ ਦੇ ਆਪਣੇ ਅਰਮਾਨਾਂ ਬਾਰੇ ਬਹੁਤ ਜ਼ਿਆਦਾ ਧਿਆਨ ਦੇਣ ਦੀ ਲੋੜ ਹੈ। ਜੇ ਥੋੜ੍ਹਾ ਜਿੰਨਾ ਵੀ ਤੁਸੀਂ ਬੱਚੇ ਦੇ ਫਰਜ਼ਾਂ ਪ੍ਰਤੀ ਅਵੇਸਲੇ ਹੋ ਗਏ ਤਾਂ ਇਸ ਦਾ ਖਮਿਆਜ਼ਾ ਬਹੁਤ ਮਾੜਾ ਤੇ ਬਹੁਤ ਦੇਰ ਤੱਕ ਭੁਗਤਣਾ ਪੈਂਦਾ ਹੈ। ਜਦੋਂ ਫਿਰ ਪਤਾ ਲਗਦਾ ਹੈ, ਉਦੋਂ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਫਿਰ ਲੱਖ ਕੋਸ਼ਿਸ਼ਾਂ ਕਰਨ 'ਤੇ ਵੀ ਤੁਸੀਂ ਸਫਲ ਨਹੀਂ ਹੋ ਸਕਦੇ। ਬੱਚਿਆਂ ਪ੍ਰਤੀ ਜੋ ਤੁਹਾਡੇ ਫਰਜ਼ ਬਣਦੇ ਹਨ, ਉਹ ਕੁਝ ਇਸ ਤਰ੍ਹਾਂ ਹਨ- ਜਵਾਨ ਹੋ ਰਹੇ ਬੱਚੇ ਦੇ ਮਨ 'ਚ ਕੋਈ ਚਾਹਤ ਹੈ ਤਾਂ ਉਸ ਨੂੰ ਪਿਆਰ ਨਾਲ ਪੁੱਛ ਕੇ ਉਸ ਨੂੰ ਬੜੀ ਸੂਝਬੂਝ ਨਾਲ ਪੂਰਾ ਕੀਤਾ ਜਾਵੇ। ਜੇ ਤੁਹਾਨੂੰ ਬੱਚੇ 'ਤੇ ਥੋੜ੍ਹਾ ਸ਼ੱਕ ਪੈਦਾ ਹੋਣ ਲੱਗੇ ਕਿ ਉਸ ਨੂੰ ਕੁਝ ਮਾੜੀਆਂ ਆਦਤਾਂ ਪੈ ਰਹੀਆਂ ਹਨ ਤਾਂ ਬਜਾਏ ਉਸ ਨੂੰ ਡਾਂਟਣ ਦੇ ਉਨ੍ਹਾਂ ਆਦਤਾਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਾਇਆ ਜਾਵੇ ਤਾਂ ਬੱਚਾ ਬੜੀ ਜਲਦੀ ਸਮਝ ਕੇ ਕੁਰਾਹੇ ਜੈਣ ਤੋਂ ਸਿੱਧੇ ਰਾਹ ਆ ਸਕਦਾ ਹੈ। ਕੋਸ਼ਿਸ਼ ਕਰੋ, ਪੂਰੇ ਪਰਿਵਾਰ 'ਚ ਕੋਈ ਸਾਂਝੀ ਗੱਲ ਕਰਨ ਲੱਗਿਆਂ ਬੱਚੇ ਨੂੰ ਵਿਚ ਬਿਠਾ ਕੇ ਉਸ ਦੇ ਵਿਚਾਰ ਵੀ ਸੁਣੋ। ਇਸ ਨਾਲ ਬੱਚਾ ਆਪਣੇ-ਆਪ ਨੂੰ ਸਿਆਣਿਆਂ 'ਚ ਬੈਠਣ 'ਤੇ ਮਾਣ ਮਹਿਸੂਸ ਕਰੇਗਾ ਤੇ ਆਪਣੇ-ਆਪ ਨੂੰ ਸਿਆਣਾ ਸਮਝਣ ਲੱਗੇਗਾ। ਇਸ ਨਾਲ ਉਸ ਦਾ ਬੌਧਿਕਤਾ ਬਲ ਵਧੇਗਾ। ਇਹ ਬੱਚੇ ਲਈ ਬੜਾ ਅਹਿਮ ਪੱਖ ਮੰਨਿਆ ਜਾਂਦਾ ਹੈ ਕਿ ਤੁਸੀਂ ਬੱਚੇ ਬਾਰੇ ਜੋ ਸੋਚਿਆ ਹੁੰਦਾ ਹੈ, ਤੁਸੀਂ ਉਹ ਬਣਨ ਦੀ ਚਾਹਤ ਰੱਖਦੇ ਹੋ, ਭਾਵੇਂ ਬੱਚੇ ਦੀ ਉਸ ਵਿਚ ਰੁਚੀ ਵੀ ਨਾ ਹੋਵੇ। ਇਸ ਤਰ੍ਹਾਂ ਦੀ ਸਥਿਤੀ 'ਚ ਬੱਚੇ ਦੇ ਦਿਮਾਗ ਦੀ ਪਰਖ ਕਰਨੀ ਚਾਹੀਦੀ ਹੈ ਕਿ ਬੱਚੇ ਦੀ ਕਿਸ ਖੇਤਰ ਵੱਲ ਰੁਚੀ ਹੈ। ਕੋਸ਼ਿਸ਼ ਕਰੋ, ਸ਼ੁਰੂ ਤੋਂ ਹੀ ਬੱਚੇ ਨੂੰ ਕੰਪਿਊਟਰ ਤੇ ਇੰਟਰਨੈੱਟ ਦੀ ਜਾਣਕਾਰੀ ਦੇ ਕੇ ਉਸ ਨੂੰ ਵੱਧ ਤੋਂ ਵੱਧ ਇਸ ਦੇ ਫਾਇਦਿਆਂ ਬਾਰੇ ਜਾਗਰੂਕ ਕੀਤਾ ਜਾਵੇ। ਇਸ ਨਾਲ ਬੱਚਾ ਆਪਣੇ-ਆਪ ਬੌਧਿਕ ਵਿਕਾਸ ਦਾ ਪੱਲਾ ਫੜ ਲਵੇਗਾ ਤੇ ਯਾਦ ਰੱਖੋ, ਉਹ ਜੋ ਵੀ ਕਰੇਗਾ, ਉਸ ਵਿਚ ਹੀ ਸਫਲ ਹੋਵੇਗਾ।

# ਬੱਚਿਆਂ ਲਈ ਖ਼ਤਰਨਾਕ ਹੋ ਸਕਦਾ ਹੈ ਨਮਕ

ਕੁਝ ਮਨੋਵਿਗਿਆਨੀਆਂ ਅਨੁਸਾਰ ਕੁਝ ਨਵੇਂ ਜਨਮੇ ਬੱਚਿਆਂ ਵਿਚ ਨਮਕ ਦੀ ਥੋੜ੍ਹੀ ਜਿਹੀ ਵੀ ਜ਼ਿਆਦਾ ਮਾਤਰਾ ਨਾਲ ਉਨ੍ਹਾਂ ਦਾ ਖ਼ੂਨ ਦਾ ਦਬਾਅ ਆਮ ਬੱਚਿਆਂ ਨਾਲੋਂ ਬਹੁਤ ਜ਼ਿਆਦਾ ਵਧ ਜਾਂਦਾ ਹੈ। ਅਮਰੀਕਨ ਹਾਰਟ ਐਸੋਸੀਏਸ਼ਨ ਦੇ ਡਾਕਟਰਾਂ ਨੇ ਇਕ ਖੋਜ ਵਿਚ ਇਹ ਪਤਾ ਲਗਾਇਆ ਹੈ ਕਿ ਕੁਝ ਨਵਜਨਮੇ ਬੱਚਿਆਂ ਨੂੰ ਨਮਕ ਖਾਣਾ ਬਹੁਤ ਚੰਗਾ ਲਗਦਾ ਹੈ ਪਰ ਇਹ ਉਨ੍ਹਾਂ ਲਈ ਬਹੁਤ ਹੀ ਖ਼ਤਰਨਾਕ ਸਿੱਧ ਹੋ ਸਕਦਾ ਹੈ। ਇਸ ਨਾਲ ਉਨ੍ਹਾਂ ਨੂੰ ਉੱਚ ਖ਼ੂਨ ਦਬਾਅ ਦੀ ਬਿਮਾਰੀ ਬਚਪਨ ਤੋਂ ਹੀ ਹੋ ਜਾਂਦੀ ਹੈ ਡਾਕਟਰਾਂ ਦਾ ਇਹ ਵੀ ਮੰਨਣਾ ਹੈ ਕਿ ਇਹ ਬਿਮਾਰੀ ਅਕਸਰ ਉਨ੍ਹਾਂ ਬੱਚਿਆਂ ਨੂੰ ਹੁੰਦੀ ਹੈ, ਜਿਨ੍ਹਾਂ ਦੇ ਪਰਿਵਾਰ ਵਿਚ ਵੱਡੇ ਬਜ਼ੁਰਗ ਇਸ ਬਿਮਾਰੀ ਤੋਂ ਪੀੜਤ ਹੁੰਦੇ ਹਨ। ਉਨ੍ਹਾਂ ਅਨੁਸਾਰ ਇਸ ਤਰ੍ਹਾਂ ਦੇ ਬੱਚਿਆਂ ਵਿਚ ਜਦੋਂ ਥੋੜ੍ਹੇ ਜਿਹੇ ਵੱਡੇ ਹੋਣ 'ਤੇ ਸਿਰਦਰਦ ਦੀ ਸ਼ਿਕਾਇਤ ਹੁੰਦੀ ਹੈ ਤਾਂ ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਜ਼ਿੰਦਗੀ ਭਰ ਆਪਣਾ ਖ਼ੂਨ ਦਾ ਦਬਾਅ ਠੀਕ ਰੱਖਣ ਲਈ ਲੂਣ ਤੋਂ ਪ੍ਰਹੇਜ਼ ਕਰਨਾ ਪਵੇਗਾ। ਹਾਲਾਂਕਿ ਕੁਝ ਵਿਦਵਾਨਾਂ ਦੇ ਅਨੁਸਾਰ ਨਮਕ ਨਾਲ ਬੱਚਿਆਂ ਦੇ ਖ਼ੂਨ ਦੇ ਦਬਾਅ ਵਿਚ ਕਿਸੇ ਤਰ੍ਹਾਂ ਦਾ ਕੋਈ ਵਾਧਾ ਨਹੀਂ ਹੁੰਦਾ ਪਰ ਡਾਕਟਰਾਂ ਨੇ ਉਨ੍ਹਾਂ ਦੀ ਗੱਲ ਨੂੰ ਗ਼ਲਤ ਠਹਿਰਾ ਦਿੱਤਾ ਹੈ। ਹਸਪਤਾਲ ਵਿਚ ਕਰੀਬ 234 ਨਵੇਂ ਜਨਮੇ ਬੱਚਿਆਂ 'ਤੇ ਕੀਤੇ ਗਏ ਆਪਣੇ ਨਿਰੀਖਣ ਤੋਂ ਬਾਅਦ ਤਿਆਰ ਰਿਪੋਰਟ ਨਾਲ ਮਨੋਚਿਕਿਤਸਕਾਂ ਨੇ ਇਹ ਦੱਸਿਆ ਕਿ ਕਿਸ ਤਰ੍ਹਾਂ ਇਨ੍ਹਾਂ ਬੱਚਿਆਂ ਨੂੰ ਪੈਦਾ ਹੋਣ ਦੇ ਕੁਝ ਦਿਨ ਬਾਅਦ ਉਨ੍ਹਾਂ ਨੂੰ ਨਮਕ ਦਿੱਤਾ ਅਤੇ ਫਿਰ ਇਕ ਹਫ਼ਤੇ ਬਾਅਦ ਦੁਬਾਰਾ ਦਿੱਤਾ। ਦੋਵੇਂ ਵਾਰ ਬੱਚਿਆਂ ਦਾ ਖ਼ੂਨ ਦਾ ਦਬਾਅ ਉਨ੍ਹਾਂ ਦੇ ਨਮਕ ਖਾਣ ਤੋਂ ਬਾਅਦ ਨਾਪਿਆ ਗਿਆ,



ਜਿਸ ਨੂੰ ਦੇਖ ਕੇ ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਕਿ ਜਿਨ੍ਹਾਂ ਬੱਚਿਆਂ ਨੂੰ ਨਮਕ ਖਾਣਾ ਚੰਗਾ ਲਗਦਾ ਹੈ, ਉਨ੍ਹਾਂ ਦੀ ਹਾਲਤ ਬਚਪਨ ਤੋਂ ਹੀ ਖਰਾਬ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਫਿਰ ਹੌਲੀ-ਹੌਲੀ ਉਨ੍ਹਾਂ ਦਾ ਖ਼ੂਨ ਦਾ ਦਬਾਅ ਆਮ ਬੱਚਿਆਂ ਨਾਲੋਂ ਜ਼ਿਆਦਾ ਹੁੰਦਾ ਜਾਂਦਾ ਹੈ।



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਜੱਟ ਸਿੱਖ, ਬਹੁਤ ਹੀ ਸਾਊ, ਨਸ਼ਿਆਂ ਤੋਂ ਰਹਿਤ, ਵਧੀਆ ਜੌਬ ਕਰਦਾ ਲੜਕਾ, ਉਮਰ 37, ਕੱਦ 5'9" ਲਈ ਕੈਨੇਡੀਅਨ ਸਿਟੀਜਨ/ਪੀ.ਆਰ./ ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਬਿਨਾਂ (ਬਿਨਾਂ ਬੱਚੇ ਤੋਂ) ਵੀ ਸੰਪਰਕ ਕਰ ਸਕਦੇ ਹਨ। ਸੰਪਰਕ : 604-901-9044

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ, ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਲਟਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-347-5271

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

ਕੈਨੇਡਾ ਵਿਚ ਵਿਜ਼ਟਰ ਵੀਜ਼ੇ 'ਤੇ ਰਹਿ ਰਿਹਾ ਜੱਟ ਸਿੱਖ ਮਾਨ ਲੜਕਾ, ਉਮਰ 22 ਸਾਲ, ਕੱਦ 6 ਫੁੱਟ, ਡੀਜ਼ਲ ਮਕੈਨਿਕ ਦਾ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਸਟੂਡੈਂਟ 'ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ ਕਰੋ: 778-361-2200

### ਕੰਨਿਆਂ ਦੀ ਲੋੜ

ਜੱਟ ਸਿੱਖ ਭੁੱਲਰ ਲੜਕਾ, ਉਮਰ 35, ਕੱਦ 5"5', ਐਮਐਸਸੀ, ਲਈ ਕੈਨੇਡੀਅਨ ਸਿਟੀਜ਼ਨ, ਪੀ. ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 236-881-7405

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਣਾ ਵਿੱਚੋਂ ਇਕ ਕੈਨੇਡਾ 'ਚ ਪੀ.ਆਰ. ਹੈ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 77837 89444

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

## MATRIMONIALS

### ਲੜਕੇ ਦੀ ਲੋੜ

ਸਿੱਖ ਬਰਾੜ ਕੈਨੇਡੀਅਨ ਪੀ ਆਰ, ਉਮਰ 28 ਸਾਲ, ਕੱਦ ਪੰਜ ਫੁੱਟ ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-
ਫੋਨ ਨੰਬਰ 91-77105-45805 (ਵੈਟਸਐਪ)

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994, ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਨ ਸਾਥੀ ਦੀ ਲੋੜ ਹੈ। Recent Photo And Ibodata ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ :
778-801-9037 talwanid@hotmial.ca

ਜੱਟ ਸਿੱਖ ਕਨੇਡੀਅਨ ਸਿਟੀਜ਼ਨ R.N. ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
Contact: 604-897-1298,
Whatsapp Number: 99-156-52029

### ਵਰ ਦੀ ਲੋੜ

ਜੱਟ ਸਿੱਖ ਭੁੱਲਰ ਲੜਕੀ, ਉਮਰ 35, ਕੱਦ 5"3', ਐਮਸੀਏ, ਲਈ ਕੈਨੇਡੀਅਨ ਸਿਟੀਜ਼ਨ, ਪੀ. ਆਰ., ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੇ ਦੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ: 236-881-7405

### ਲੜਕੀ ਦੀ ਲੋੜ

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6'2" ਲੜਕੇ ਲਈ ਕੈਨੇਡੀਅਨ ਸਿਟੀਜ਼ਨ/ਪੀ.ਆਰ/ਵਰਕ ਪਰਮਿਟ ਹੋਲਡਰ ਜੀਵਨ ਸਾਥਣ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ 604-761-8454, 778-837-3502

### ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਕੈਨੇਡੀਅਨ ਸਿਟੀਜ਼ਨ, ਉਮਰ 28 ਸਾਲ ਕੱਦ 5'6", ਆਈ.ਸੀ.ਬੀ.ਸੀ 'ਚ ਜੌਬ ਕਰਦੀ ਲੜਕੀ ਵਾਸਤੇ ਪੀ.ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ- ਫੋਨ 236-591-2719, 91-77105-45804 (ਵਟਸਐਪ)

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ Concrete Breaking ਅਤੇ Coring ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ। ਸੰਪਰਕ ਕਰੋ: 604-250-7893

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ। ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ.ਜ਼ੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੋਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰੰਬਧ ਹੋਵੇਗਾ। ਸਾਨੂੰ ਡਰਾਈਵਾਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ- ਚਰਨਜੀਤ ਕੌਰ 604-309-8705

### ਵਰਕਰਾਂ ਦੀ ਲੋੜ

ਫਾਸਟ ਡਾਰੀਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਅੱਜ ਹੀ ਸੰਪਰਕ ਕਰੋ- ਸਾਹਿਬ ਸਿੰਘ 778-863-9000

### ਬੇਬੀ ਸਿਟਰ ਦੀ ਲੋੜ

ਗਿਲਡਫੋਡ ਏਰੀਆ 'ਚ ਜਾਂ ਤੁਹਾਡੀ ਜਗ੍ਹਾ 'ਤੇ ਮਹੀਨੇ ਦੇ ਕੁਝ ਦਿਨਾਂ ਵਾਸਤੇ ਸ਼ਾਮ 5 ਤੋਂ 9 ਵਜੇ ਤੱਕ ਪੰਜਾਬੀ ਬੇਬੀ ਸਿਟਰ ਦੀ ਲੋੜ ਹੈ। ਸਾਡੀ 4 ਸਾਲ ਦੀ ਕੁੜੀ ਅਤੇ 2 ਸਾਲ ਦਾ ਮੁੰਡਾ ਹੈ ਜੋ ਕਿ ਐਕਟਿਵ ਅਤੇ ਮਿਲਾਪੜੇ ਹਨ। ਪੈਸਿਆਂ ਲਈ ਗੱਲਬਾਤ ਕਰ ਸਕਦੇ ਹਾਂ। ਸੰਪਰਕ ਰਾਜਦੀਪ: 604-808-2579

### ਵਰਕਰਾਂ ਦੀ ਲੋੜ

S K Farming ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ। ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰੰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਖ਼ੁਦ ਨੂੰ ਸਿਰਫ ਵੱਡੇ ਪਰਦੇ ਦਾ ਹੀਰੋ ਮੰਨਦੇ ਹਨ ਜਾਨ ਅਬਰਾਹਮ



ਜਾਨ ਅਬਰਾਹਮ ਬਤੌਰ ਪ੍ਰੋਡਿਊਸਰ ਹੁਣ ਤਕ 'ਮਦਰਾਸ ਕੈਫੇ', 'ਪਰਮਾਣੂ' ਅਤੇ 'ਬਾਟਲਾ ਹਾਊਸ' ਵਰਗੀਆਂ ਐਕਸ਼ਨ ਫ਼ਿਲਮਾਂ ਬਣਾਉਂਦੇ ਰਹੇ ਹਨ। ਪਰ ਲਗਦਾ ਹੈ ਕਿ ਹੁਣ ਉਹ ਇਕ ਪ੍ਰੋਡਿਊਸਰ ਦੇ ਰੂਪ ਵਿਚ ਆਪਣੀਆਂ ਫ਼ਿਲਮਾਂ ਦੀ ਚੋਣ ਵਿਚ ਬਦਲਾਅ ਕਰਨ ਜਾ ਰਹੇ ਹਨ। ਬਹੁਤ ਜਲਦੀ ਹੀ ਜਾਨ ਅਬਰਾਹਮ ਦੇ ਬੈਨਰ ਵਾਲੀ ਫ਼ਿਲਮ 'ਤਾਰਾ ਵਰਸਿਜ਼ ਬਿਲਾਲ' ਬਣੀ ਹੈ। ਇਹ ਇਕ ਰੋਮਾਂਟਿਕ, ਕਾਮੇਡੀ ਫ਼ਿਲਮ ਹੈ। ਇਸ ਵਾਰ ਉਹ ਆਪਣੀ ਫ਼ਿਲਮ ਵਿਚ ਹੀਰੋ ਦੇ ਰੂਪ ਵਿਚ ਨਜ਼ਰ ਨਹੀਂ ਆਵੇਗਾ ਅਤੇ ਇਹ ਮੌਕਾ ਉਨ੍ਹਾਂ ਨੇ ਹਰਸ਼ਵਰਧਨ ਰਾਣੇ ਨੂੰ ਦਿੱਤਾ ਹੈ। ਟੀ-ਸੀਰੀਜ਼ ਮੁਖੀ ਭੂਸ਼ਣ ਕੁਮਾਰ ਅਤੇ ਅਮਰ ਬੁਟਾਲਾ ਮਿਲ ਕੇ ਫ਼ਿਲਮ '100 ਪ੍ਰਤੀਸ਼ਤ' ਦਾ ਨਿਰਮਾਣ ਕਰਨ ਜਾ ਰਹੇ ਹਨ। ਪਿਆਰ, ਵਿਆਹ ਅਤੇ ਪਰਿਵਾਰ ਦੇ ਆਲੇ-ਦੁਆਲੇ ਬੁਣੀ ਗਈ ਕਹਾਣੀ 'ਤੇ ਆਧਾਰਿਤ ਇਸ ਫ਼ਿਲਮ ਨੂੰ ਸਾਜਿਦ ਖਾਨ ਨਿਰਦੇਸ਼ਿਤ ਕਰ ਰਹੇ ਹਨ। ਇਸ ਫ਼ਿਲਮ ਵਿਚ ਜਾਨ ਅਬਰਾਹਮ, ਰਿਤੇਸ਼ ਦੇਸ਼ਮੁਖ, ਨੋਰਾ ਫਤੇਹੀ ਅਤੇ ਸ਼ਹਿਨਾਜ ਗਿੱਲ ਦੇ ਨਾਲ ਨਜ਼ਰ ਆਉਣਗੇ। ਫਿਲਹਾਲ ਜਾਨ ਅਬਰਾਹਮ 'ਤਹਿਰਾਨ' ਅਤੇ ਸ਼ਾਹਰੁਖ ਦੇ ਨਾਲ 'ਪਠਾਨ' ਵਿਚ ਰੁੱਝੇ ਹੋਏ ਹਨ। 'ਪਠਾਨ' ਵਿਚ ਉਹ ਖ਼ਲਨਾਇਕ ਦਾ ਕਿਰਦਾਰ ਨਿਭਾਅ ਰਹੇ ਹਨ। ਇਹ ਫ਼ਿਲਮ ਅਗਲੇ ਸਾਲ ਆਜ਼ਾਦੀ ਦਿਵਸ ਮੌਕੇ ਸਿਨੇਮਾਘਰਾਂ ਵਿਚ ਆਵੇਗੀ। ਇਸ ਫ਼ਿਲਮ ਦੀ ਸ਼ੂਟਿੰਗ ਦੌਰਾਨ ਸ਼ਾਹਰੁਖ ਖਾਨ ਜਾਨ ਤੋਂ ਏਨੇ ਜ਼ਿਆਦਾ ਪ੍ਰਭਾਵਿਤ ਹੋਏ ਕਿ ਉਹ ਉਨ੍ਹਾਂ ਦੀਆਂ ਤਾਰੀਫ਼ਾਂ ਕਰਦੇ ਨਹੀਂ ਥੱਕ ਰਹੇ ਹਨ। 'ਪਠਾਨ' ਦੇ ਨਾਲ ਜਾਨ ਅਬਰਾਹਮ ਦੀ ਫ਼ਿਲਮ 'ਤਹਿਰਾਨ' ਨੂੰ ਵੀ ਅਗਲੇ ਸਾਲ ਆਜ਼ਾਦੀ ਦਿਵਸ ਮੌਕੇ ਰਿਲੀਜ਼ ਕੀਤੇ ਜਾਣ ਦੀ ਖ਼ਬਰਾਂ ਆ ਰਹੀਆਂ ਹਨ। ਇਸ ਵਿਚ ਉਨ੍ਹਾਂ ਦੇ ਨਾਲ ਮਾਨੁਸ਼ੀ ਛਿੱਲਰ ਹੈ ਜਿਸ ਦੀ ਪਿਛਲੀ ਫ਼ਿਲਮ 'ਸਮਰਾਟ ਪ੍ਰਿਥਵੀਰਾਜ' ਬੁਰੀ ਤਰ੍ਹਾਂ ਫਲਾਪ ਰਹੀ ਸੀ, ਜਿਸ ਵਿਚ ਉਹ ਅਕਸ਼ੈ ਕੁਮਾਰ ਦੇ ਨਾਲ ਨਜ਼ਰ ਆਈ ਸੀ। ਜਾਨ ਦੀ ਪਿਛਲੀ ਫ਼ਿਲਮ 'ਏਕ ਵਿਲੇਨ ਰਿਟਰਨਜ਼' ਨੇ ਵੀ ਟਿਕਟ ਖਿੜਕੀ 'ਤੇ ਜ਼ਿਆਦਾ ਚੰਗਾ ਪ੍ਰਦਰਸ਼ਨ ਨਹੀਂ ਕੀਤਾ ਸੀ, ਇਸ ਲਈ ਮਾਨੁਸ਼ੀ ਅਤੇ ਜਾਨ ਦੋਵਾਂ ਨੂੰ ਹੀ ਇਕ ਹਿਟ ਫ਼ਿਲਮ ਦੀ ਭਾਲ ਹੈ। ਇਸ ਤਰ੍ਹਾਂ 'ਚ ਜਾਨ ਅਬਰਾਹਮ ਦੀ ਕੋਸ਼ਿਸ਼ ਹੈ ਕਿ ਉਨ੍ਹਾਂ ਦੀ ਫ਼ਿਲਮ 'ਤਹਿਰਾਨ', 'ਪਠਾਨ' ਦੇ ਨਾਲ ਨਾ ਟਕਰਾਏ। ਇਹ ਦੇਖਣਾ ਦਿਲਚਸਪ ਹੋਵੇਗਾ ਕਿ ਜਾਨ ਆਪਣੀ ਇਸ ਕੋਸ਼ਿਸ਼ ਵਿਚ ਕਿੰਨੇ ਕਾਮਯਾਬ ਰਹਿੰਦੇ ਹਨ। ਅੱਜ ਜਦ ਕਿ ਵੱਡੇ ਤੋਂ ਵੱਡਾ ਐਕਟਰ, ਵੱਡੇ ਪਰਦੇ 'ਤੇ ਨਾਕਾਮੀ ਤੋਂ ਤੰਗ ਆ ਕੇ ਓ.ਟੀ.ਟੀ. ਦਾ ਸਹਾਰਾ ਲੈ ਰਿਹਾ ਹੈ ਤਾਂ ਜਾਨ ਨੂੰ ਓ.ਟੀ.ਟੀ. ਤੋਂ ਸਖ਼ਤ ਨਫ਼ਰਤ ਹੈ। ਉਸ ਦਾ ਕਹਿਣਾ ਹੈ ਕਿ ਉਹ 299 ਜਾਂ 499 ਰੁਪਏ ਵਿਚ ਲੋਕਾਂ ਲਈ ਏਨਾ ਸੌਖਿਆਂ ਹੀ ਉਪਲਬਧ ਨਹੀਂ ਹੋਣਾ ਚਾਹੁੰਦਾ। ਜਾਨ ਅਬ੍ਰਾਹਮ ਅਕਸਰ ਇਹ ਦਾਅਵਾ ਕਰਦੇ ਰਹੇ ਹਨ ਕਿ ਉਹ ਓ.ਟੀ.ਟੀ. ਲਈ ਨਹੀਂ ਬਣੇ ਹਨ ਅਤੇ ਸਿਰਫ਼ ਵੱਡੇ ਪਰਦੇ ਦੇ ਹੀਰੋ ਹਨ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com



# ਫ਼ਿਲਮਾਂ ਵਿਚ ਵਾਪਸੀ ਲਈ ਬੇਤਾਬ ਹੈ ਮਲਾਇਕਾ



ਮਲਾਇਕਾ ਅਰੋੜਾ ਆਖ਼ਰੀ ਵਾਰ 2010 ਵਿਚ 'ਹਾਊਸਫੁੱਲ' ਅਤੇ ਉਸ ਤੋਂ ਬਾਅਦ 2014 ਵਿਚ ਆਈ 'ਹੈਪੀ ਨਿਊ ਈਯਰ' ਦੇ ਇਕ ਕੈਮਿਓ ਵਿਚ ਨਜ਼ਰ ਆਈ ਸੀ ਪਰ ਹੁਣ ਉਹ ਐਕਟਿੰਗ ਵਿਚ ਵਾਪਸੀ ਕਰਨਾ ਚਾਹੁੰਦੀ ਹੈ। ਮਲਾਇਕਾ ਆਏ ਦਿਨ ਆਪਣੀ ਖ਼ੂਬਸੂਰਤ ਦਿੱਖ ਕਰਕੇ ਪ੍ਰਸ਼ੰਸਕਾਂ ਦੇ ਦਿਲਾਂ ਦੀਆਂ ਧੜਕਣਾਂ ਵਧਾਉਂਦੀ ਰਹਿੰਦੀ ਹੈ। ਉਸ ਦੀ ਖ਼ੂਬਸੂਰਤੀ ਅਤੇ ਫਿਟਨੈੱਸ ਦੇ ਸਾਰੇ ਕਾਇਲ ਹਨ। 49 ਦੀ ਉਮਰ ਵਿਚ ਵੀ ਉਹ ਆਪਣੇ ਸਟਾਈਲ ਸਟੇਟਮੈਂਟ ਤੋਂ ਨਵੀਆਂ ਅਭਿਨੇਤਰੀਆਂ ਨੂੰ ਟੱਕਰ ਦਿੰਦੀ ਨਜ਼ਰ ਆਉਂਦੀ ਹੈ। ਲੰਮੇ ਸਮੇਂ ਤੋਂ ਉਹ ਕਿਸੇ ਐਕਸਾਈਟਿੰਗ ਭੂਮਿਕਾ ਦੇ ਇੰਤਜ਼ਾਰ ਵਿਚ ਹੈ, ਕਿਉਂਕਿ ਮਲਾਇਕਾ ਨੂੰ ਡਾਂਸ ਬਹੁਤ ਪਸੰਦ ਹੈ, ਇਸ ਲਈ ਉਹ ਕੋਈ ਡਾਂਸ ਫ਼ਿਲਮ ਕਰਨਾ ਚਾਹੁੰਦੀ ਹੈ। ਮਲਾਇਕਾ ਨੇ 20 ਦੀ ਉਮਰ ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਫ਼ਿਲਮ 'ਦਿਲ ਸੇ' ਦੇ ਗੀਤ 'ਛੈਂਯਾ ਛੈਂਯਾ...' ਤੋਂ ਰਾਤੋ-ਰਾਤ ਸਟਾਰ ਬਣ ਗਈ ਸੀ। ਉਸ ਤੋਂ ਬਾਅਦ ਉਨ੍ਹਾਂ ਨੇ 'ਰੰਗੀਲੋ ਮਾਰੋ ਢੋਲਨਾ...', 'ਮੁੰਨੀ ਬਦਨਾਮ ਹੂਈ...' ਵਰਗੇ ਕਈ ਡਾਂਸ ਨੰਬਰ ਕੀਤੇ। ਮਲਾਇਕਾ ਨੇ ਫ਼ਿਲਮਾਂ ਵਿਚ ਹੁਣ ਤਕ ਪੂਰਨ ਨਾਇਕਾ ਵਾਲੀ ਭੂਮਿਕਾ ਨਹੀਂ ਕੀਤੀ। ਉਨ੍ਹਾਂ ਨੂੰ ਸ਼ਾਇਦ ਹਮੇਸ਼ਾ ਇਸ ਗੱਲ ਦੀ ਹਿਚਕ ਰਹੀ ਕਿ ਜੇਕਰ ਫ਼ਿਲਮ ਨਾ ਚੱਲੀ ਤਾਂ ਕੀ ਹੋਵੇਗਾ? ਸ਼ਾਨਦਾਰ ਡਾਂਸ ਅਤੇ ਕਮਾਲ ਦੀ ਫਿਟਨੈੱਸ ਦੇ ਦਮ 'ਤੇ ਹਰਮਨਪਿਆਰਤਾ ਹਾਸਲ ਕਰਨ ਵਾਲੀ ਮਲਾਇਕਾ ਸੋਸ਼ਲ ਮੀਡੀਆ 'ਤੇ ਕਾਫ਼ੀ ਸਰਗਰਮ ਰਹਿੰਦੀ ਹੈ। ਹਾਲ ਹੀ ਵਿਚ ਉਸ ਨੇ ਭੈਣ ਅੰਮ੍ਰਿਤਾ ਦੇ ਨਾਲ ਵੈੱਬ ਸੀਰੀਜ਼ 'ਅਰੋੜਾ ਸਿਸਟਰਜ਼' ਕੀਤੀ। ਇਸ ਤੋਂ ਇਲਾਵਾ ਉਹ ਕਰੀਨਾ ਕਪੂਰ ਦੀ ਨੈੱਟਫਲਿਕਸ ਵੈੱਬ ਸੀਰੀਜ਼ 'ਗੱਟਸ' ਵਿਚ ਵੀ ਅੰਮ੍ਰਿਤਾ ਦੇ ਨਾਲ ਨਜ਼ਰ ਆਵੇਗੀ। ਮਲਾਇਕਾ ਅਰੋੜਾ, ਅਰਬਾਜ਼ ਦੇ ਨਾਲ 19 ਸਾਲ ਲੰਮੀ ਵਿਆਹੁਤਾ ਜ਼ਿੰਦਗੀ ਤੋਂ ਬਾਹਰ ਨਿਕਲ ਕੇ ਅੱਜਕਲ੍ਹ ਉਮਰ ਵਿਚ ਉਸ ਤੋਂ 13 ਸਾਲ ਛੋਟੇ ਅਰਜੁਨ ਕਪੂਰ ਨਾਲ ਸੰਬੰਧਾਂ ਵਿਚ ਹੈ। ਹਾਲਾਂਕਿ ਅਰਬਾਜ਼ ਵੀ ਜਾਰਜੀਆ ਐਂਡਰਾਨੀ ਦੇ ਕਰੀਬ ਆ ਚੁੱਕੇ ਹਨ ਪਰ ਬੇਟੇ ਅਰਹਾਨ ਦੀ ਖ਼ਾਤਰ ਅੱਜ ਵੀ ਅਰਬਾਜ਼ ਅਤੇ ਮਲਾਇਕਾ ਚੰਗੇ ਦੋਸਤ ਬਣੇ ਹੋਏ ਹਨ। ਮਲਾਇਕਾ ਦਾ ਕਹਿਣਾ ਹੈ ਕਿ ਅਰਬਾਜ਼ ਤੋਂ ਤਲਾਕ ਲੈਣ ਤੋਂ ਬਾਅਦ ਉਸ ਨਾਲ-ਨਾਲ ਰਿਸ਼ਤੇ ਹੋਰ ਚੰਗੇ ਹੋਏ ਹਨ।

# ਵੱਧ ਮੌਕੇ ਮਿਲਣ 'ਤੇ ਖ਼ੂਬ ਤਰੱਕੀ ਕਰ ਸਕਦੀ ਹੈ ਐਲੀ ਅਵਰਾਮ

ਅਮਿਤਾਭ ਬੱਚਨ ਨੇ 'ਗੁੱਡ ਬਾਏ' ਫ਼ਿਲਮ ਦੇ ਪ੍ਰਚਾਰ 'ਤੇ ਇਹ ਗੱਲ ਜ਼ੋਰ ਦੇ ਕੇ ਕਹੀ ਸੀ ਕਿ ਜੇਕਰ ਵੱਧ ਤੋਂ ਵੱਧ ਮੌਕੇ ਐਲੀ ਅਵਰਾਮ ਨੂੰ ਦਿੱਤੇ ਜਾਣ ਤਾਂ ਉਹ ਖ਼ੂਬ ਤਰੱਕੀ ਕਰ ਸਕਦੀ ਹੈ। ਦਸ ਸਾਲ ਤੋਂ ਭਾਰਤੀ ਫ਼ਿਲਮਾਂ ਦਾ ਹਿੱਸਾ ਬਣ ਰਹੀ ਐਲੀ ਨੇ ਦੱਸਿਆ ਕਿ ਭਾਰਤ ਆਉਣ ਲਈ ਬੱਚਤ ਕਰਕੇ ਉਹ ਪੈਸੇ ਜਮ੍ਹਾਂ ਕਰਦੀ ਰਹੀ ਤੇ ਇਥੇ ਆ ਕੇ ਕਈ ਫਰਿਸ਼ਤੇ ਉਸ ਨੂੰ ਮਿਲੇ, ਜਿਨ੍ਹਾਂ ਕਾਰਨ ਉਸ ਦੇ ਸੁਪਨੇ ਪੂਰੇ ਹੋਣੇ ਸ਼ੁਰੂ ਹੋਏ। ਦਰਅਸਲ ਚੰਗਾ ਸਾਥ ਦੇਣ ਵਾਲਿਆਂ ਨੂੰ ਉਹ ਫਰਿਸ਼ਤੇ ਹੀ ਕਹਿੰਦੀ ਹੈ। ਢਾਈ ਕਰੋੜ ਤੋਂ ਜ਼ਿਆਦਾ ਲੋਕਾਂ ਨੇ ਐਲੀ ਦਾ ਆਮਿਰ ਖ਼ਾਨ ਨਾਲ ਗਾਣਾ 'ਹਰਫ਼ਨ ਮੌਲਾ' ਦੇਖਿਆ ਸੀ ਪਰ ਜ਼ਿਆਦਾ ਮਿਹਨਤ ਤੇ ਚੰਗੇ ਪ੍ਰਤੀਕਰਮ ਮਿਲਣ ਦੇ ਬਾਵਜੂਦ ਐਲੀ ਨੂੰ ਉਹ ਥਾਂ ਹਾਸਲ ਨਹੀਂ ਹੋ ਸਕੀ, ਜਿਹੜੀ ਉਸ ਨੂੰ ਚਾਹੀਦੀ ਸੀ। ਆਪਣੇ ਹੇਅਰ ਸਟਾਈਲ ਤੇ ਪਹਿਰਾਵੇ ਦੀ ਗ਼ਲਤ ਚੋਣ ਕਾਰਨ ਅਨੇਕਾਂ ਵਾਰ ਐਲੀ ਦੀ ਆਲੋਚਨਾ ਹੁੰਦੀ ਹੈ ਪਰ ਉਹ ਇਸ ਤੋਂ ਸਬਕ ਨਹੀਂ ਲੈਂਦੀ। ਦਰਸ਼ਕ ਆਖਦੇ ਹਨ ਕਿ ਭਾਰਤੀ ਸੰਸਕ੍ਰਿਤੀ ਨੂੰ ਜੋ ਦਿਲੋਂ ਨਹੀਂ ਅਪਣਾ ਸਕਦਾ, ਉਸ ਨੂੰ ਅਸੀਂ ਵੀ ਕਿਉਂ ਅਪਣਾ ਲਈਏ। ਇਹੀ ਕਾਰਨ ਹੈ ਕਿ ਐਲੀ ਦਾ ਗਰਾਫ਼ ਤੇਜ਼ੀ ਨਾਲ ਡਿੱਗਿਆ ਹੈ। ਕੁਝ ਸਮਾਂ ਤਾਂ ਐਲੀ ਦਾ ਕ੍ਰਿਕਟਰ ਹਾਰਦਿਕ ਪੰਡਿਆ ਨਾਲ ਹੀ ਬਰਬਾਦ ਹੋ ਗਿਆ ਪਰ ਐਲੀ ਦਾ ਕਹਿਣਾ ਹੈ ਕਿ ਇਹ ਸਭ ਤਕਦੀਰ ਦੀ ਖੇਡ ਹੈ। ਸਵੀਡਨ ਦੇ ਸਟਾਕੋਹਮ ਦੀ ਮੂਲ ਰੂਪ 'ਚ ਰਹਿਣ ਵਾਲੀ ਐਲੀ ਮੰਨਦੀ ਹੈ ਕਿ ਚਾਹੇ ਗੋਰੇ ਰੰਗ ਦੇ ਲੋਕ ਕਾਇਲ ਹੋਣ ਭਾਰਤੀ ਦਰਸ਼ਕਾਂ ਲਈ ਇਹ ਗੋਰਾ ਰੰਗ ਮੇਮਾਂ ਵਾਲਾ ਨਹੀਂ, ਬਲਕਿ ਸ਼ੁੱਧ ਭਾਰਤੀ ਕੁੜੀਆਂ ਵਾਲਾ ਗੋਰਾ ਰੰਗ ਹੀ ਚੰਗਾ ਲੱਗਦਾ ਹੈ। ਇਸ ਨੂੰ ਆਪਣੇ ਕਰੀਅਰ 'ਚ ਵੱਡੀ ਪ੍ਰਾਪਤੀ ਨਾ ਹੋਣ ਨਾਲ ਜੋੜਦੀ ਹੈ। ਇਸ ਦੇ ਬਾਵਜੂਦ ਉਹ ਸੰਤੁਸ਼ਟ ਹੈ ਕਿ 10 ਸਾਲ ਦੇ ਫ਼ਿਲਮੀ ਸਫ਼ਰ 'ਚ ਉਸ ਨੇ ਬਹੁਤ ਕੁਝ ਪ੍ਰਾਪਤ ਕੀਤਾ ਹੈ।



AMA CONCRETE
Commercial & Residential
• Placing Pumping & Finishing
• Foundation Floors
• Smooth Finishing
• Exposed Broom Finishing
• Stamped Concrete
ਜੇਕਰ ਤੁਸੀਂ ਡਰਾਈਵੇਅ ਪੁੱਟਣਾ ਚਾਹੁੰਦੇ ਹੋ, ਸਾਈਡ ਵਾਕ, ਕਰਬਜਾਂ ਕਿਸੇ ਵੀ ਤਰ੍ਹਾਂ ਦੀ ਕੰਕਰੀਟ ਨੂੰ ਕੱਟ ਕੇ ਰਿਮੂਵ ਕਰਦੇ ਹਾਂ
ਵਧੀਆ ਸਰਵਿਸ , ਵਾਜਿਬ ਰੇਟ ਅਤੇ ਮੁਫਤ ਐਸਟੀਮੇਟ ਲਈ ਫੋਨ ਕਰੋ
Sodhi: 604-518-4389 | Harjeet: 604-613-0472

J & S Insulation & Rebar Ltd.



Residential & Commercial
Batt Insulation, Rigid Insulation, Insulate Sprinkler, Slab Insulation, Rebar, Poly, Styrofoam
Quality Work, Free Estimates
Best Price
Sarbjit: 604.841.9849

SKY BLUE DRYWALL LTD.
Residential & Commercial
T-Bar
Steel Stud
Boarding
Taping
Ceiling Texture
Renovation
Quality Work
Free Estimates



Daljit Singh
778-549-3605
E: singh.mand@icloud.com




# ਲੋਕ-ਕਾਵਿ ਦੀ ਖੱਟੀ-ਮਿੱਠੀ ਵਿਧਾ ਸਿੱਠਣੀਆਂ

**ਪਰਮਜੀਤ ਕੌਰ ਸਰਹਿੰਦ**

ਮੂਲ ਰੂਪ ਵਿਚ ਕਿਸੇ ਵੀ ਖੇਤਰ, ਸੂਬੇ ਜਾਂ ਦੇਸ਼ ਦਾ ਲੋਕ-ਕਾਵਿ ਉੱਥੋਂ ਦੇ ਵਸਨੀਕਾਂ ਦੇ ਧੁਰ ਅੰਦਰ ਦੀ ਸਿੱਧੀ-ਸਾਦੀ ਭਾਸ਼ਾ ਵਿਚ ਪ੍ਰਗਟਾਈ ਆਵਾਜ਼ ਹੈ। ਇਨ੍ਹਾਂ ਲੋਕ ਗੀਤਾਂ ਨੂੰ ਸਿਰਜਣ ਵਾਲੇ ਅਨੇਕ ਲੋਕ ਹਨ। ਇਹ ਕਿਸੇ ਇਕ ਵਿਅਕਤੀ ਵਿਸ਼ੇਸ਼ ਦੀ ਕਿਰਤ ਨਹੀਂ ਹਨ। ਸਮੇਂ ਦੇ ਨਾਲ ਕਈ ਵਾਰ ਇਨ੍ਹਾਂ ਵਿਚ ਫੇਰ-ਬਦਲ ਵੀ ਹੁੰਦਾ ਰਹਿੰਦਾ ਹੈ। ਆਮ ਤੌਰ 'ਤੇ ਲੋਕ-ਕਾਵਿ ਪੇਂਡੂ ਰਹਿਤਲ ਨਾਲ ਜੁੜਿਆ ਹੋਇਆ ਹੈ। ਇਸ ਕਾਵਿ ਦੀ ਖਾਸੀਅਤ ਹੈ ਕਿ ਇਹ ਭਾਵੇਂ ਬਹੁਤਾ ਨਾਰੀ ਮਨ ਵਿਚੋਂ ਹੂਕ ਵਾਂਗ ਜਾਂ ਹੇਕ ਵਾਂਗ ਨਿਕਲਿਆ ਹੈ, ਪਰ ਇਹ ਨਿੱਜ ਤੋਂ ਪਰ ਤਕ ਦਾ ਸਫ਼ਰ ਤੈਅ ਕਰਦਾ ਘਰ-ਪਰਿਵਾਰ ਤੋਂ ਸੂਬੇ ਤੇ ਦੇਸ਼ ਵਿਚ ਉਡਾਰੀਆਂ ਲਾਉਂਦਾ ਵਿਸ਼ਵ ਪੱਧਰ ਤਕ ਦੀ ਗੱਲ ਵੀ ਕਰ ਜਾਂਦਾ ਹੈ। ਜਿੱਥੇ ਇਹ ਗਹਿਰ-ਗੰਭੀਰ ਵਿਸ਼ਿਆਂ ਉੱਤੇ ਪਕੜ ਰੱਖਦਾ ਹੈ ਉੱਥੇ ਹਲਕੇ-ਫੁਲਕੇ, ਹਾਸੇ-ਠੱਠੇ ਅਤੇ ਵਿਅੰਗਮਈ ਰਸ ਨਾਲ ਵੀ ਭਰਪੂਰ ਹੈ। ਇਸੇ ਖੱਟੇ-ਮਿੱਠੇ ਰਸ ਨਾਲ ਲਬਾਲਬ ਭਰੀਆਂ ਹਨ 'ਸਿੱਠਣੀਆਂ'। ਸਿੱਠਣੀ ਲੋਕ-ਕਾਵਿ ਦੀ ਤਿੱਖੀ ਮਜ਼ਾਕੀਆ ਵਿਧਾ ਹੈ ਜਿਸ ਦਾ ਰਿਵਾਜ ਲੋਕਧਾਰਾ ਵਿਚ ਸਦੀਆਂ ਤੋਂ ਚੱਲਿਆ ਆ ਰਿਹਾ ਹੈ। ਕੁਝ ਵਿਦਵਾਨਾਂ ਅਨੁਸਾਰ 'ਸਿਠ' ਸ਼ਬਦ ਦਾ ਅਰਥ ਹਾਸਾ-ਠੱਠਾ ਜਾਂ ਮਜ਼ਾਕ ਹੈ। ਇਹ ਵੀ ਹੋ ਸਕਦਾ ਹੈ ਸਿੱਠਣੀ ਸ਼ਬਦ ਸਿਠ ਤੋਂ ਹੀ ਬਣਿਆ ਹੋਵੇ।

ਜਿੱਥੇ ਮੁੰਡੇ ਦੇ ਵਿਆਹ ਮੌਕੇ ਘੋੜੀਆਂ ਅਤੇ ਕੁੜੀ ਦੇ ਵਿਆਹ ਸਮੇਂ ਸੁਹਾਗ ਗਾਏ ਜਾਂਦੇ ਹਨ ਉੱਥੇ ਸਿੱਠਣੀਆਂ ਮੁੰਡੇ-ਕੁੜੀ ਦੋਵਾਂ ਦੇ ਵਿਆਹ ਵੇਲੇ ਲਈ ਪ੍ਰਵਾਨਤ ਤੇ ਪ੍ਰਚੱਲਤ ਵਿਧਾ ਹੈ। ਮੰਗਣੇ-ਕੁੜਮਾਈ ਦੀ ਰਸਮ ਸਮੇਂ ਵੀ ਸਿੱਠਣੀਆਂ ਸੁਣਨ ਨੂੰ ਮਿਲਦੀਆਂ ਹਨ। ਘੋੜੀਆਂ ਤੇ ਸੁਹਾਗ ਨੂੰ ਗੀਤ ਗਾਉਣਾ ਕਿਹਾ ਜਾਂਦਾ ਹੈ, ਪਰ ਸਿੱਠਣੀਆਂ ਨੂੰ ਗਾਉਣਾ ਨਹੀਂ ਸਿੱਠਣੀਆਂ ਦੇਣੀਆਂ ਕਿਹਾ ਜਾਂਦਾ ਹੈ। ਸਿੱਠਣੀਆਂ ਢੁੱਕਵੇਂ ਤੇ ਫੱਬਵੇਂ ਸ਼ਬਦਾਂ ਵਿਚ ਦਿੱਤੇ ਜਾਂਦੇ ਮਿਹਣਿਆਂ ਵਰਗੀਆਂ ਹੀ ਤਾਂ ਹੁੰਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਗਾਉਂਦੀਆਂ ਦੀਆਂ ਸਿੱਠਣੀਆਂ ਤੇ ਲੜਦੀਆਂ ਦੇ ਮਿਹਣੇ ਪਰ ਅੰਤਰ ਇਹ ਹੈ ਕਿ ਸਿੱਠਣੀਆਂ ਵਿਚ ਮਿਹਣੋ-ਮਿਹਣੀ ਹੋ ਕੇ ਟੁੱਟਣ ਵਾਲੀ ਨੌਬਤ ਨਹੀਂ ਆਉਂਦੀ। ਪੁਰਾਣੇ ਸਮੇਂ ਖਾਸ ਕਰ ਪਿੰਡਾਂ ਵਿਚ ਮਨੋਰੰਜਨ ਦੇ ਕੋਈ ਸਾਧਨ ਨਹੀਂ ਸਨ ਹੁੰਦੇ। ਕਿਸੇ ਵਿਰਲੇ-ਟਾਵੇਂ ਘਰ ਰੇਡੀਓ ਹੁੰਦਾ ਸੀ। ਵਿਆਹ-ਸ਼ਾਦੀ ਜਾਂ ਫਿਰ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਬਨੇਰਿਆਂ 'ਤੇ ਜਾਂ ਕੋਠੇ ਦੀ ਛੱਤ 'ਤੇ ਮੰਜੇ ਜੋੜ ਕੇ ਬੰਨ੍ਹਿਆ ਸਪੀਕਰ ਰੌਣਕਾਂ ਲਾਉਂਦਾ ਸੀ। ਖੁਸ਼ੀਆਂ ਮੌਕੇ ਔਰਤਾਂ ਆਪੇ ਸਿਰਜੇ ਗੀਤ ਗਾਉਂਦੀਆਂ ਅਤੇ ਮਨਪ੍ਰਚਾਵਾ ਕਰਦੀਆਂ ਸਨ। ਇਹੋ ਗੀਤ-ਗੌਣ ਸੀਨਾ-ਬ-ਸੀਨਾ ਅੱਗੇ ਤੁਰੇ ਆਉਂਦੇ ਸਨ।

ਅਜੋਕੇ ਸਮੇਂ ਇਨ੍ਹਾਂ ਰੰਗ-ਤਮਾਸ਼ਿਆਂ ਦੀ ਕਦਰ ਘਟ ਗਈ ਹੈ। ਸ਼ਹਿਰੀ ਲੋਕਾਂ ਨੂੰ ਤਾਂ ਹੁਣ ਡੀ.ਜੇ., ਦਿਖਾਵੇ ਲਈ ਕੀਤੇ ਅਡੰਬਰਾਂ ਅਤੇ 'ਬਿਊਟੀ ਪਾਰਲਰ' ਦੇ ਹਾਰ-ਸ਼ਿੰਗਾਰ ਤੋਂ ਹੀ ਵਿਹਲ ਨਹੀਂ ਮਿਲਦੀ। ਭਾਵੇਂ ਹੁਣ ਪਿੰਡਾਂ ਦਾ ਵੀ ਸ਼ਹਿਰੀਕਰਨ ਹੋ ਗਿਆ ਹੈ, ਪੇਂਡੂ ਲੋਕਾਂ ਨੇ ਵੀ ਸ਼ਹਿਰੀ ਜੀਵਨ ਜਾਚ ਆਪਣਾ ਲਈ ਹੈ, ਪਰ ਫਿਰ ਵੀ ਪੇਂਡੂ ਭਾਈਚਾਰੇ ਵਿਚ ਔਰਤਾਂ ਅਜੇ ਵੀ ਸਿੱਠਣੀਆਂ ਦਾ ਅਦਾਨ-ਪ੍ਰਦਾਨ ਕਰ ਲੈਂਦੀਆਂ ਹਨ। ਲੋਕ-ਕਾਵਿ ਵਿਚ ਸਿੱਠਣੀਆਂ ਔਰਤਾਂ ਦਾ ਜ਼ੁਬਾਨੀ-ਕਲਾਮੀ ਹਥਿਆਰ ਵੀ ਬਣ ਜਾਂਦੀਆਂ ਹਨ। ਸਿੱਠਣੀਆਂ ਦੇ ਤੀਰ ਜ਼ਿਆਦਾਤਰ ਨਾਨਕੀਆਂ-ਦਾਦਕੀਆਂ ਵੱਲੋਂ ਇਕ-ਦੂਜੀ ਵੱਲ ਛੱਡੇ ਜਾਂਦੇ ਹਨ, ਪਰ ਇਨ੍ਹਾਂ ਦੀ ਮਿੱਠੀ ਮਾਰ ਤੋਂ ਨਾ ਪਰਿਵਾਰ ਦੇ ਮੈਂਬਰ ਬਚਦੇ ਹਨ ਨਾ ਕੋਈ ਰਿਸ਼ਤੇਦਾਰ। ਜਿੱਥੇ ਦਿਓਰ-ਜੇਠ, ਜੀਜੇ, ਕੁੜਮ ਤੇ ਮਾਮੇ ਜਾਂ ਫੁੱਫੜ ਨੂੰ ਸਿੱਠਣੀਆਂ ਮਿਲਦੀਆਂ ਹਨ ਉੱਥੇ ਵਿਚੋਲੇ ਨਾਲ ਵੀ ਘੱਟ ਨਹੀਂ ਗੁਜ਼ਾਰੀ ਜਾਂਦੀ। ਇਹ ਸਿੱਠਣੀਆਂ ਕਈ ਵਾਰ ਤਾਂ ਸਿੱਧਾ ਡਾਂਗ-ਸੋਟਾ ਬਣ ਕੇ ਹੀ ਵਰ੍ਹਦੀਆਂ ਹਨ। ਵੰਨਗੀ ਲਈ ਵਿਚੋਲੇ ਨੂੰ ਕਿਹਾ ਜਾਂਦਾ ਹੈ:

**ਮੱਕੀ ਦਾ ਦਾਣਾ ਕੋਠੇ 'ਤੇ**
**ਵਿਚੋਲਾ ਬਿਠਾਉਣਾ ਝੋਟੇ 'ਤੇ।**
**ਮੱਕੀ ਦਾ ਦਾਣਾ ਪਿੰਡ ਵਿਚ ਨੀਂ**
**ਵਿਚੋਲਾ ਨਾ ਰੱਖਣਾ ਪਿੰਡ ਵਿਚ ਨੀਂ।**
**ਕੁੜਮੋ-ਕੁੜਮੀ ਵਰਤਣਗੇ**
**ਵਿਚੋਲੇ ਵਿਚਾਰੇ ਤਰਸਣਗੇ।**



ਜਦੋਂ ਵਿਆਹ ਤੋਂ ਪੰਜ-ਸੱਤ ਦਿਨ ਪਹਿਲਾਂ ਭੱਠੀ ਪੁੱਟੀ ਤੇ ਕੜਾਹੀ ਚੜ੍ਹਾਈ ਜਾਂਦੀ ਤਾਂ ਘਰ ਦੀਆਂ ਅਤੇ ਸ਼ਰੀਕੇ-ਭਾਈਚਾਰੇ ਦੀਆਂ ਔਰਤਾਂ ਵੱਲੋਂ ਸਿੱਠਣੀਆਂ ਦਾ ਬਿਗਲ ਵਜਾ ਦਿੱਤਾ ਜਾਂਦਾ। ਹਲਵਾਈ ਦੀ ਮੱਦਦ ਲਈ ਮੱਠੀਆਂ-ਸ਼ੱਕਰਪਾਰਿਆਂ ਲਈ ਆਟਾ ਜਾਂ ਮੈਦਾ ਗੋਂਦੀਆਂ-ਗੁੰਨ੍ਹਦੀਆਂ ਔਰਤਾਂ ਕੋਲੋਂ ਲੰਘੇ ਜਾਂਦੇ ਸਹਿਜ-ਸੁਭਾਅ ਝਾਕਦੇ ਕਿਸੇ ਚੋਬਰ ਦੀ ਚੰਗੀ ਤਰ੍ਹਾਂ ਲਾਉਂਦੀਆਂ ਕਹਿੰਦੀਆਂ:

**ਵਿੰਦਰ ਸਿਉਂ ਇਉਂ ਝਾਕੇ ਜਿਵੇਂ ਚਾਮਚੜਿੱਕ ਦੇ ਡੇਲੇ**
**ਅਸਾਂ ਨਹੀਂ ਲੈਣੇ ਪੱਤਾਂ ਬਾਝ ਕਰੇਲੇ।**

ਕੋਈ ਦਿਓਰ-ਜੇਠ ਕੰਮਾਂ ਦਾ ਜਾਇਜ਼ਾ ਲੈਂਦਾ ਨੇੜੇ-ਤੇੜੇ ਖੜ੍ਹ ਦਿਖਾਈ ਦਿੰਦਾ ਤਾਂ ਜੇਠ ਨੂੰ ਸੰਬੋਧਨ ਕਰਕੇ ਸਿੱਠਣੀ ਦਿੰਦੀਆਂ:

**ਭਾਈ ਜੀ (ਜੇਠ ਜੀ) ਖੜ੍ਹਾ ਵੇ ਖੜੋਤਾ**
**ਤੇਰਾ ਲੱਕ ਥੱਕ ਜਾਊ**
**ਕੋਲ ਜੋਰੋ ਨੂੰ ਖੜ੍ਹਾ ਲੈ**
**ਵੇ ਅੜੇਕਾ (ਸਹਾਰਾ) ਲੱਗ ਜਾਊ**
**ਜੋਰੋ ਪਤਲੀ-ਪਤੰਗ ਨੀਂ**
**ਜੜਕ ਟੁੱਟ ਜਾਊ।**

ਇਸੇ ਤਰ੍ਹਾਂ ਕੋਲੋਂ ਲੰਘਦਾ-ਵੜਦਾ ਦਿਓਰ ਨਜ਼ਰੀਂ ਪੈਂਦਾ ਤਾਂ ਉਸ ਦੀ ਮੋਟੀ-ਠੁੱਲ੍ਹੀ ਪਤਨੀ 'ਤੇ ਤਨਜ਼ ਕਸੀ ਜਾਂਦੀ:

**ਦਿਲ ਮੰਗਦਾ ਦੇਈਂ ਅਖਰੋਟ ਕੁੜੇ ਦਿਲ ਮੰਗਦਾ**
**ਕਸ਼ਮੀਰਾ ਸਿਉਂ ਤਾਂ ਸੁੱਕ ਕੇ ਲੱਕੜੀ ਹੋ ਗਿਆ**
**ਸੁਰਜੀਤ ਕੁਰ ਤਾਂ ਹੋ ਗਈ ਤੋਪ ਕੁੜੇ ਦਿਲ ਮੰਗਦਾ**
**ਦਿਲ ਮੰਗਦਾ ਦੇਈਂ ਅਖਰੋਟ ਕੁੜੇ ਦਿਲ ਮੰਗਦਾ।**

ਸਾਰੇ ਵਿਆਹ ਵਿਚ ਸਿੱਠਣੀਆਂ ਦੇਣ ਦਾ ਮੌਕਾ ਮੇਲ ਬਣਿਆ ਰਹਿੰਦਾ। ਘਰ ਦਾ ਕੋਈ ਜੁਆਈ-ਭਾਈ ਆਉਂਦਾ ਤਾਂ ਉਸ ਨੂੰ ਵੀ ਨਾ ਬਖਸ਼ਿਆ ਜਾਂਦਾ। ਆਸੇ-ਪਾਸੇ ਖੜੋ ਕੇ ਕੁੜੀਆਂ ਕਹਿੰਦੀਆਂ:

**ਜੀਜਾ 'ਕੱਲੜਾ ਕਿਉਂ ਆਇਆ ਵੇ ਅੱਜ ਦੀ ਘੜੀ**
**ਨਾਲ ਬੇਬੇ ਨੂੰ ਨਾ ਲਿਆਇਆ ਵੇ ਅੱਜ ਦੀ ਘੜੀ**
**ਨਾਲ ਭੈਣ ਨੂੰ ਨਾ ਲਿਆਇਆ ਵੇ ਅੱਜ ਦੀ ਘੜੀ।**

ਜ਼ਿਕਰਯੋਗ ਹੈ ਕਿ ਬੀਤੇ ਵੇਲਿਆਂ ਵਿਚ ਕਿਸੇ ਮਰਦ-ਮੁੰਡੇ ਦੀ ਮਾਂ-ਭੈਣ ਉਸ ਦੇ ਸਹੁਰੇ ਘਰ ਵਿਆਹ-ਸ਼ਾਦੀ ਵਿਚ ਨਹੀਂ ਜਾਂਦੀਆਂ ਸਨ। ਅੱਜ ਵਿਆਹ ਮੌਕੇ ਮਰਦਾਂ ਨਾਲੋਂ ਔਰਤਾਂ ਦੀ ਗਿਣਤੀ ਵੱਧ ਹੁੰਦੀ ਹੈ, ਪਰ ਸਿੱਠਣੀਆਂ ਵਰਗੀਆਂ ਰੰਗਲੀਆਂ ਰਸਮਾਂ ਘਟ ਹੀ ਨਹੀਂ ਬਲਕਿ ਖਤਮ ਹੋ ਰਹੀਆਂ ਹਨ। ਸਿੱਠਣੀਆਂ ਦੇਣ ਸਮੇਂ ਰਿਸ਼ਤੇਦਾਰੀ ਤੇ ਉਮਰ ਦਾ ਲਿਹਾਜ਼ ਵੀ ਰੱਖ ਲਿਆ ਜਾਂਦਾ। ਕੁੜਮ ਨੂੰ ਕਿਹਾ ਜਾਂਦਾ:

**ਗੈਸ ਬੁਝਾ ਦਿਓ ਨੀਂ**
**ਸਾਡਾ ਕੁੜਮ ਬੈਟਰੀ ਵਰਗਾ।**

ਵਿਆਹ ਤੋਂ ਪਹਿਲੇ ਦਿਨ ਨਾਨਕਾ ਮੇਲ ਆਉਂਦਾ। ਨਾਨਕਿਆਂ ਨੂੰ ਵਿਆਂਦੜ ਦੀ ਮਾਂ ਅਤੇ ਦਾਦਕੇ ਪਰਿਵਾਰ ਵੱਲੋਂ ਬਰੂਹਾਂ ਵਿਚ ਤੇਲ ਚੋਅ ਕੇ ਅਤੇ ਸਰਦਾ-ਬਣਦਾ ਸ਼ਗਨ ਦੇ ਕੇ ਨਾਲ ਮੂੰਹ ਮਿੱਠਾ ਕਰਵਾ ਕੇ ਅੰਦਰ ਵਾੜਿਆ ਜਾਂਦਾ। ਇਨ੍ਹਾਂ ਸ਼ਗਨਾਂ ਦੇ ਨਾਲ ਉਨ੍ਹਾਂ ਵੱਲੋਂ ਨਾਨਕੀਆਂ ਨੂੰ ਦਿੱਤੀਆਂ ਸਿੱਠਣੀਆਂ ਗਾਲ੍ਹਾਂ ਵਰਗੀਆਂ ਹੀ ਹੁੰਦੀਆਂ। ਆਮ ਤੌਰ 'ਤੇ ਸਿੱਠਣੀਆਂ ਵਿਚ ਉਨ੍ਹਾਂ ਨੂੰ ਨਿੰਦਿਆ-ਭੰਡਿਆ ਜਾਂਦਾ। ਦਾਦਕੀਆਂ ਕਹਿੰਦੀਆਂ:

**ਛੱਜ ਉਹਲੇ ਛਾਣਨੀ ਪਰਾਤ ਉਹਲੇ ਡੋਈ ਵੇ**
**ਨਾਨਕੀਆਂ ਦਾ ਮੇਲ ਆਇਆ ਚੱਜ ਦੀ ਨਾ ਕੋਈ ਵੇ।**
**ਛੱਜ ਉਹਲੇ ਛਾਣਨੀ ਪਰਾਤ ਉਹਲੇ ਰੋਟੀਆਂ**
**ਨਾਨਕੀਆਂ ਦਾ ਮੇਲ ਆਇਆ ਸੱਭੇ ਰੰਨਾਂ ਮੋਟੀਆਂ।**

ਗੁੱਸਾ ਕਰਨ ਦੀ ਥਾਂ ਨਾਨਕੀਆਂ ਇਉਂ ਖੁਸ਼ ਹੁੰਦੀਆਂ ਜਿਵੇ ਦਾਦਕੀਆਂ ਉਨ੍ਹਾਂ ਦੀ ਸਿਫ਼ਤ-ਸਲਾਹ ਕਰ ਰਹੀਆਂ ਹੋਣ। ਸਾਹਮਣੇ ਖੜ੍ਹੀਆਂ ਨਾਨਕੀਆਂ ਨੂੰ ਗ਼ੈਰਹਾਜ਼ਰ ਕਰਦਿਆਂ ਕਿਹਾ ਜਾਂਦਾ:

**ਕਿੱਧਰ ਗਈਆਂ ਵੇ ਬੀਬਾ ਤੇਰੀਆਂ ਨਾਨਕੀਆਂ**
**ਉਨ੍ਹਾਂ ਪੀਤੀ ਸੀ ਪਿੱਛ ਜੰਮੇ ਸੀ ਰਿੱਛ**
**ਕਲੰਦਰਾਂ ਦੇ ਗਈਆਂ ਵੇ ਬੀਬਾ ਤੇਰੀਆਂ ਨਾਨਕੀਆਂ।**

ਕੁੜੀ ਦੇ ਵਿਆਹ 'ਤੇ ਵੀ ਸਿੱਠਣੀਆਂ ਦਿੱਤੀਆਂ ਜਾਂਦੀਆਂ:

**ਕਿੱਧਰ ਗਈਆਂ ਨੀਂ ਬੀਬੀ ਤੇਰੀਆਂ ਨਾਨਕੀਆਂ**
**ਉਨ੍ਹਾਂ ਖਾਧੇ ਸੀ ਲੱਡੂ ਜੰਮੇ ਸੀ ਡੱਡੂ**
**ਛੱਪੜਾਂ 'ਤੇ ਗਈਆਂ ਨੀਂ**
**ਬੀਬੀ ਤੇਰੀਆਂ ਨਾਨਕੀਆਂ।**

ਨਾਨਕੀਆਂ ਵੀ ਦਾਦਕੀਆਂ 'ਤੇ ਮੋੜਵਾਂ ਵਾਰ ਕਰਦੀਆਂ ਕਹਿੰਦੀਆਂ:

**ਕਿੱਧਰ ਗਈਆਂ ਨੀਂ ਬੀਬੀ ਤੇਰੀਆਂ ਦਾਦਕੀਆਂ**
**ਉਨ੍ਹਾਂ ਖਾਧੇ ਸੀ ਮਾਂਹ ਜੰਮੇ ਸੀ ਕਾਂ**
**ਹੁਣ ਕਾਂ-ਕਾਂ ਕਰਦੀਆਂ ਨੀਂ**
**ਬੀਬੀ ਤੇਰੀਆਂ ਦਾਦਕੀਆਂ**
**ਅਸੀਂ ਹਾਜ਼ਰ ਖੜ੍ਹੀਆਂ ਨੀਂ**
**ਬੀਬੀ ਤੇਰੀਆਂ ਨਾਨਕੀਆਂ।**

ਦਾਦਕੀਆਂ ਸਿੱਠਣੀਆਂ ਦੇਂਦੀਆਂ-ਲੈਂਦੀਆਂ ਨਾਨਕੀਆਂ ਨੂੰ ਸ਼ਗਨਾਂ ਨਾਲ ਅੰਦਰ ਵਾੜਦੀਆਂ। ਸਾਰੇ ਵਿਆਹ ਵਿਚ ਨਾਨਕੀਆਂ ਨੂੰ ਖੱਟੀਆਂ-ਮਿੱਠੀਆਂ ਚੋਭਾਂ ਲਾਈਆਂ ਜਾਂਦੀਆਂ। ਉਹ ਰੋਟੀ ਖਾਣ ਲੱਗਦੀਆਂ ਤਾਂ ਦਾਦਕੀਆਂ ਸਿੱਠਣੀ ਦਿੰਦੀਆਂ:

**ਨਾਨਕੀਆਂ ਨੂੰ ਖਲ਼ ਕੁੱਟ ਦਿਓ ਵੇ**
**ਇਨ੍ਹਾਂ ਧੌਣ ਪੱਚੀ ਸੇਰ ਖਾਣਾ**
**ਸਾਨੂੰ ਪੂੜੀਆਂ ਵੇ**
**ਅਸਾਂ ਮੁਸ਼ਕ ਲਏ ਰੱਜ ਜਾਣਾ।**

ਨਾਨਕੀਆਂ ਹੱਸਦੀਆਂ ਤੇ ਖੁਸ਼ ਹੁੰਦੀਆਂ ਖਾਣ-ਪੀਣ ਵਿਚ ਮਸਤ ਰਹਿੰਦੀਆਂ, ਪਰ ਦਾਦਕੀਆਂ ਫਿਰ ਉਨ੍ਹਾਂ 'ਤੇ ਵਿਅੰਗ ਬਾਣ ਕਸਦੀਆਂ:

**ਨਾਨਕੀਓ ਥੋੜ੍ਹਾ-ਥੋੜ੍ਹਾ ਖਾਇਓ**
**ਥੋਡਾ ਢਿੱਡ ਦੁਖੂਗਾ**
**ਏਥੇ ਡਾਕਟਰ ਨਾ ਹਕੀਮ**
**ਔਖੀਆਂ ਹੋਣਾ ਪਊਗਾ।**

ਖਾ-ਪੀ ਕੇ ਨਾਨਕੀਆਂ ਵੀ ਦਾਦਕੀਆਂ ਦੀ ਖਬਰ ਲੈਂਦੀਆਂ ਕਹਿੰਦੀਆਂ:

**ਦਾਦਕਿਆਂ ਜੋਰੇ ਚੱਕ ਲਿਆ ਬਜ਼ਾਰ ਵਿਚੋਂ ਢਾਈਆਂ,**
**ਦਾਦਕਿਆਂ ਦੇ ਮਲੰਗ ਬਾਣੀਏਂ**
**ਸਾਨੂੰ ਜੰਗ ਹਰੜਾਂ ਨਾ ਥਿਆਈਆਂ।**

ਦਾਦਕਿਆਂ ਨੂੰ ਭੁੱਖੇ-ਨੰਗੇ ਕਹਿਣੋਂ ਵੀ ਗੁਰੇਜ਼ ਨਾ ਕੀਤਾ ਜਾਂਦਾ। ਨਾਨਕੀਆਂ ਇਸੇ ਭਾਵਨਾ ਨਾਲ ਸਿੱਠਣੀ ਦਿੰਦੀਆਂ:

**ਨਿੱਕੀ ਜਿਹੀ ਕੋਠੜੀਏ ਤੇਰੇ ਵਿਚ ਗੁੜ ਦੇ ਰੋੜੇ**
**ਦਾਦਕਿਆਂ ਨੇ ਮੇਲ ਬਹੁਤਾ ਸਦਾਇਆ ਲੱਡੂ ਵੱਟੇ ਥੋੜੇ**
**ਨਿੱਕੀ ਜਿਹੀ ਕੋਠੜੀਏ ਤੇਰੇ ਵਿਚ ਗੁੜ ਦੇ ਰੋੜੇ।**
**ਅੱਗੋਂ ਦਾਦਕੀਆਂ ਵੀ ਕਸਰ ਨਾ ਰੱਖਦੀਆਂ ਤੇ ਕਹਿੰਦੀਆਂ:**
**ਨਾਨਕਿਆਂ ਨੇ ਜੇਬ ਖੀਸਾ ਲਗਾਇਕੇ ਲੱਡੂ ਲਏ ਲੁਕਾ**
**ਅਸੀਂ ਮਗਰੇ ਪੁਲਸ ਲਗਾਇਕੇ ਸਾਵੇਂ ਲਏ ਕਢਾ**
**ਨਾਨਕਿਓ ਲੱਖਾਂ ਦੀ ਥੋਡੀ ਪੱਤ ਗਈ ਤੁਸੀਂ ਆਪੇ ਲਈ ਗੁਆ।**

ਕਈ ਚੰਚਲ ਸੁਭਾਅ ਵਾਲੀਆਂ ਔਰਤਾਂ ਤਾਂ ਕਿਸੇ ਦਾਦਕੀ-ਨਾਨਕੀ ਦੇ ਭਰਿੰਡਾਂ ਵੀ ਲੜਾ ਦਿੰਦੀਆਂ, ਮਿਸਾਲ ਲਈ:

**ਮੈਂ ਦੱਸਾਂ ਭਰਿੰਡੇ ਨੀਂ ਨਦੀ ਕਿਨਾਰੇ ਉੜਿਆ ਕਰ**
**ਮੈਂ ਦੱਸਾਂ ਭਰਿੰਡੇ ਨੀ ਬਲਬੀਰੋ ਨਖਰੋ ਦੇ ਲੜਿਆ ਕਰ**
**ਲੜ-ਲੜ ਛਾਲੇ ਪਾਇਆ ਕਰ**
**ਘੜੀ-ਘੜੀ ਤੜਪਾਇਆ ਕਰ।**

ਵਿਆਹ-ਕਾਰਜਾਂ ਵੇਲੇ ਕਈ-ਕਈ ਦਿਨ ਇਹ ਰੌਣਕ ਮੇਲੇ ਚੱਲਦੇ ਰਹਿੰਦੇ। ਜਾਗੋ ਕੱਢਦੀਆਂ ਨਾਨਕੀਆਂ ਗਲੀ-ਮੁਹੱਲੇ ਦੇ ਲੋਕਾਂ ਨੂੰ ਸਿੱਠਣੀਆਂ ਦਿੰਦੀਆਂ ਕਹਿੰਦੀਆਂ:

**ਗੁਆਂਢੀਓ ਜਾਗਦੇ ਕਿ ਸੁੱਤੇ**
**ਥੋਡੀ ਜੋਰੋ ਨੂੰ ਲੈ ਗਏ ਕੁੱਤੇ।**

ਕਿਸੇ ਗੁਆਂਢੀ ਦਾ ਨਾਂ ਲੈ ਕੇ ਸਿੱਠਣੀਆਂ ਦਾ ਹਮਲਾ ਕੀਤਾ ਜਾਂਦਾ-

**ਅਵਤਾਰ ਸਿਆਂ ਜੋਰੋ ਜਗਾ ਲੈ ਵੇ ਜਾਗੋ ਆਈ ਐ**
**ਅੱਗੋਂ ਜਵਾਬ ਵੀ ਆਪੇ ਦਿੰਦੀਆਂ ਤੇ ਕਹਿੰਦੀਆਂ:**
**ਚੁੱਪ ਕਰ ਨੀਂ ਮਸਾਂ ਸੁਆਈ ਐ ਲੋਰੀ ਦੇ ਕੇ ਪਾਈ ਐ**
**ਉੱਠ ਖੜੂਗੀ ਅੜੀ ਕਰੂਗੀ ਮਸਾਂ ਵਰਾਈ ਐ**
**ਅਵਤਾਰ ਸਿਆਂ ਜੋਰੋ ਜਗਾ ਲੈ ਵੇ ਜਾਗੋ ਆਈ ਐ।**

ਵਿਆਹ ਸੰਪਨ ਹੋ ਜਾਂਦਾ, ਜਾਂਦੀਆਂ-ਜਾਂਦੀਆਂ ਨਾਨਕੀਆਂ ਵਿਆਂਦੜ ਦੀ ਮਾਂ ਨੂੰ ਆਖਦੀਆਂ:

**ਨਿੱਕੀ-ਨਿੱਕੀ ਸ਼ੱਕਰ ਵਿਚੋਂ ਨਿਕਲ ਆਈ ਕੀੜੀ**
**ਕਿਆ ਬੀਬੀ ਤੂੰ ਵਿਆਹ ਰਚਾਇਆ**
**ਖੋਲ੍ਹ ਮੱਥੇ ਦੀ ਤਿਊੜੀ**
**ਨੀਂ ਅਸਾਂ ਕੈਤ ਆਵਾਂਗੇ ਅਸਾਂ ਕੈਤ ਆਵਾਂਗੇ**
**ਦੋਹਤੇ-ਦੋਹਤੀ ਦਾ ਵਿਆਹ ਤਮਾਸ਼ਾ ਦੇਖ ਜਾਵਾਂਗੇ।**

ਇਹ ਸਿੱਠਣੀਆਂ ਜਾਂ ਹੋਰ ਗਾਉਣ-ਵਜਾਉਣ ਡੂੰਘੀਆਂ ਮੋਹ-ਮੁਹੱਬਤਾਂ ਦੀ ਬਾਤ ਪਾਉਂਦੇ ਸਨ। ਦੂਰ-ਪਾਰ ਦੀਆਂ ਰਿਸ਼ਤੇਦਾਰੀਆਂ ਵੀ ਲੰਮਾ ਸਮਾਂ ਨਿੱਭਦੀਆਂ ਹਨ, ਪਰ ਅੱਜ ਵੀ ਭਾਵੇਂ ਵਿਆਹ-ਸ਼ਾਦੀ ਮੌਕੇ ਬਹੁਤ ਇਕੱਠ ਹੁੰਦੇ ਹਨ, ਪਰ ਅੰਦਰ ਖਾਤੇ ਰਿਸ਼ਤਿਆਂ ਨੂੰ ਖੋਰਾ ਲੱਗ ਗਿਆ ਹੈ। ਪੈਲੇਸ ਵਿਚ ਹੁੰਦੇ ਵਿਆਹਾਂ ਵਿਚ ਰਿਸ਼ਤੇ-ਨਾਤੇ ਵੀ ਗੁੰਮਦੇ ਜਾ ਰਹੇ ਹਨ ਤੇ ਸਿੱਠਣੀਆਂ ਵਰਗੀਆਂ ਸ਼ਬਦਾਂ ਦੀਆਂ ਰੰਗਲੀਆਂ ਡੋਰਾਂ ਵੀ ਬੇਰੰਗ ਹੁੰਦੀਆਂ ਘਸਦੀਆਂ ਟੁੱਟਦੀਆਂ ਜਾ ਰਹੀਆਂ ਹਨ। ਅੱਜ ਨਾਨਕੇ-ਦਾਦਕਿਆਂ ਵਰਗੇ ਗੂੜ੍ਹੇ ਰਿਸ਼ਤੇ ਵੀ ਖਿਲਰਦੇ-ਬਿਖਰਦੇ ਜਾ ਰਹੇ ਹਨ, ਪਰ ਸਾਡਾ ਲੋਕ-ਕਾਵਿ ਇਨ੍ਹਾਂ ਸਾਂਝਾਂ ਅਤੇ ਸਾਕ-ਸਕੀਰੀਆਂ ਦੀ ਬਾਤ ਪਾਉਂਦਾ ਹੀ ਰਹੇਗਾ।




# ਪੂਰੀ ਦੁਨੀਆਂ 'ਚ ਛਾਈ ਪ੍ਰਿਅੰਕਾ

ਫ਼ਿਲਮ 'ਫੈਸ਼ਨ' 'ਚ ਜ਼ਬਰਦਸਤ ਅਦਾਕਾਰੀ ਦਿਖਾਉਣ ਵਾਲੀ ਅਤੇ ਬਾਲੀਵੁੱਡ ਵਿਚ ਲੰਬੇ ਸਮੇਂ ਤੋਂ ਰਾਜ ਕਰ ਰਹੀ ਅਦਾਕਾਰਾ ਪ੍ਰਿਯੰਕਾ ਚੋਪੜਾ ਅੱਜ ਪੂਰੀ ਦੁਨੀਆਂ 'ਚ ਛਾਈ ਹੋਈ ਹੈ। ਵਿਆਹ ਤੋਂ ਏਨੇ ਸਮੇਂ ਬਾਅਦ ਵੀ ਉਹ ਪਹਿਲਾਂ ਦੀ ਤਰ੍ਹਾਂ ਆਕਰਸ਼ਕ ਨਜ਼ਰ ਆਉਂਦੀ ਹੈ, ਸਗੋਂ ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਵਿਆਹ ਤੋਂ ਬਾਅਦ ਉਸ ਦੇ ਚਿਹਰੇ ਦੀ ਚਮਕ ਪਹਿਲਾਂ ਨਾਲੋਂ ਜ਼ਿਆਦਾ ਵਧ ਗਈ ਹੈ। ਇਕ ਵਿਸ਼ਵ ਪ੍ਰਸਿੱਧ ਅਦਾਕਾਰਾ ਬਣ ਚੁੱਕੀ ਪ੍ਰਿਅੰਕਾ 40 ਦੀ ਹੋ ਚੁੱਕੀ ਹੈ ਪਰ ਹੁਣ ਉਹ ਹੋਰ ਜ਼ਿਆਦਾ ਖ਼ੂਬਸੂਰਤ ਨਜ਼ਰ ਆਉਣ ਲਈ ਉਹ ਹਮੇਸ਼ਾ ਪ੍ਰਯੋਗਾਤਮਕ ਹੇਅਰ ਸਟਾਈਲ ਦੀ ਚੋਣ ਕਰਦੇ ਹੋਏ ਹਰ ਨਵੇਂ ਫੋਟੋ ਸੈਸ਼ਨ ਵਿਚ ਲੋਕਾਂ ਨੂੰ ਹੈਰਾਨ ਕਰਦੀ ਰਹਿੰਦੀ ਹੈ। ਪ੍ਰਿਅੰਕਾ ਨੇ ਸਖ਼ਤ ਮਿਹਨਤ ਦੇ ਦਮ 'ਤੇ ਇਹ ਮੁਕਾਮ ਹਾਸਲ ਕੀਤਾ ਹੈ। ਪ੍ਰਿਅੰਕਾ ਚੋਪੜਾ ਨੂੰ ਨਾਕਾਮੀਆਂ ਬਰਦਾਸ਼ਤ ਨਹੀਂ ਹਨ। ਇਹੀ ਵਜ੍ਹਾ ਹੈ ਕਿ ਹਰ ਸਮੇਂ ਖ਼ੁਸ਼ੀ ਨਾਲ ਚਹਿਕਣ ਵਾਲੀ ਪ੍ਰਿਅੰਕਾ ਜ਼ਰਾ ਜਿਹੀ ਨਾਕਾਮੀ ਤੋਂ ਨਿਰਾਸ਼ ਹੋ ਜਾਂਦੀ ਹੈ। ਨਿਰਾਸ਼ਾ ਦੇ ਦੌਰ ਵਿਚੋਂ ਕਈ ਵਾਰ ਤਾਂ ਉਸ ਨੂੰ ਰੋਂਦੇ ਹੋਏ ਵੀ ਦੇਖਿਆ ਗਿਆ ਹੈ। ਪ੍ਰਿਅੰਕਾ ਅੱਜਕਲ੍ਹ ਹਾਲੀਵੁੱਡ ਵੈੱਬ ਸੀਰੀਜ਼ 'ਸਿਟਾਡੇਲ' ਨੂੰ ਲੈ ਕੇ ਸੁਰਖੀਆਂ ਵਿਚ ਹੈ। ਇਸ ਵਿਚ ਉਹ ਰਿਚਰਡ ਮੈਡੇਨ ਦੇ ਨਾਲ ਨਜ਼ਰ ਆਏਗੀ। 'ਸਿਟਾਡੇਲ' ਅਮੇਜਨ ਪ੍ਰਾਈਮ ਦੀ ਸਭ ਤੋਂ ਮਹਿੰਗੀ ਵੈੱਬ ਸੀਰੀਜ਼ ਹੈ। ਇਸ ਦਾ ਬਜਟ 200 ਮਿਲੀਅਨ ਡਾਲਰ ਭਾਵ 2 ਹਜ਼ਾਰ ਕਰੋੜ ਰੁਪਏ ਦੇ ਆਲੇ-ਦੁਆਲੇ ਹੈ। 2021 ਤੋਂ ਇਸ ਦੀ ਸ਼ੂਟਿੰਗ ਚਲ ਰਹੀ ਹੈ। ਇਸ ਤੋਂ ਇਲਾਵਾ ਪ੍ਰਿਅੰਕਾ ਇਕ ਫ਼ਿਲਮ 'ਜੀ ਲੇ ਜ਼ਰਾ' ਕਰ ਰਹੀ ਹੈ। ਇਸ ਵਿਚ ਉਹ ਆਲੀਆ ਭੱਟ ਅਤੇ ਕੈਟਰੀਨਾ ਦੇ ਨਾਲ ਨਜ਼ਰ ਆਵੇਗੀ। ਪ੍ਰਿਅੰਕਾ ਚੋਪੜਾ ਪਿਛਲੇ 3 ਸਾਲ ਤੋਂ ਅਮਰੀਕਾ ਵਿਚ ਸੀ। ਹਾਲ ਹੀ ਵਿਚ ਉਹ ਆਪਣੀ ਬੇਟੀ ਮਾਲਤੀ ਨਾਲ ਮੁੰਬਈ ਆਈ ਸੀ। ਉਹ ਬਹੁਤ ਜਲਦੀ 'ਜੀ ਲੇ ਜ਼ਰਾ' ਦੀ ਸ਼ੂਟਿੰਗ ਵਿਚ ਹਿੱਸਾ ਲਵੇਗੀ। ਪ੍ਰਿਅੰਕਾ ਬਾਲੀਵੁੱਡ ਦੀ ਬੇਹੱਦ ਦਮਦਾਰ ਅਦਾਕਾਰਾਵਾਂ ਵਿਚੋਂ ਇਕ ਹੈ। ਸਿਰਫ਼ ਬਾਲੀਵੁੱਡ ਹੀ ਨਹੀਂ, ਸਗੋਂ ਇੰਟਰਨੈਸ਼ਨਲ ਪੱਧਰ 'ਤੇ ਉਸ ਦੇ ਕੰਮ ਨੂੰ ਕਾਫ਼ੀ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ। ਇਥੇ ਉਨ੍ਹਾਂ ਨੇ ਲਗਪਗ ਸਾਰੇ ਟਾਪ ਸਟਾਰਾਂ ਅਤੇ ਟਾਪ ਮੇਕਰਾਂ ਨਾਲ ਕੰਮ ਕੀਤਾ ਹੈ। ਪ੍ਰਿਅੰਕਾ ਦਾ ਮੰਨਣਾ ਹੈ ਕਿ ਅੱਜ ਉਹ ਬੇਸ਼ੱਕ ਇਕ ਕਾਮਯਾਬ ਅਦਾਕਾਰਾ ਹੈ ਪਰ ਇਸ ਲਈ ਉਸ ਨੇ ਕੋਈ ਖ਼ਾਸ ਤੀਰ ਨਹੀਂ ਮਾਰਿਆ ਹੈ। ਉਸ ਦਾ ਕੰਮ ਸਿਰਫ਼ ਏਨਾ ਹੈ ਕਿ ਸਕਰਿਪਟ ਵਿਚ ਆਪਣੇ ਕਿਰਦਾਰ ਨੂੰ ਪੜ੍ਹ ਅਤੇ ਸਮਝ ਕੇ ਪਰਦੇ 'ਤੇ ਉਸ ਨੂੰ ਸਹੀ ਢੰਗ ਨਾਲ ਉਤਾਰਨਾ ਅਤੇ ਆਪਣੇ ਇਸ ਕੰਮ ਨੂੰ ਉਨ੍ਹਾਂ ਨੇ ਹਮੇਸ਼ਾ ਇਮਾਨਦਾਰੀ ਨਾਲ ਕਰਨ ਦੀ ਕੋਸ਼ਿਸ਼ ਕੀਤੀ ਹੈ।





MORTGAGE

5 YRS. VARIABLE – 25 YRS. INSURED 5.05%* (Prime –.90%)
5 YRS. VARIABLE – 25 YRS. INSURABLE 5.45%* (Prime –.50%)
5 YRS. VARIABLE – 30 YRS. PURCHASE 5.50%* (Prime –.45%)

*Conditions Apply. Rates subject to change without notice.

*Interest Rates are Rising! To Lock or Not to Lock ask for our expert guidance?*

GET CASH BACK UP TO $1,000*

Superior Mortgage
Unit 244-8138-128 Street, Surrey
604 507 1000
Our Symbol of Care & Service



JOSAN REBAR & DAMPPROOFING LTD.

7 ਸਾਲ ਤੋਂ ਵੱਧ ਤਜ਼ਰਬਾ

- BEAM LOG • POLY
- COMPACTING
- STYROFOAM
- FOUNDATION
- DAMPPROOFING
- WINDOW WELL
- INSULATION
- REINFORCING STEEL
- POST TENSIONING & WIRE MESH
- DRIVEWAY, SIDEWALK & GARAGE

-ਮੁਫਤ ਐਸਟੀਮੇਟ ਲਈ ਫੋਨ ਕਰੋ:
ਸੁਖਵਿੰਦਰ ਸਿੰਘ ਜੋਸਨ
604.250.1686
Email: sukhwinderjosan25@gmail.com





ਸ਼ੋਰ ਸਾਈਡ ਫਿਸ਼ ਕੈਨਰੀ

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED



# TRANSource FREIGHTWAYS

## Pin to Pin
## (ਯਾਰਡ ਤੋਂ ਯਾਰਡ)

## ਕੰਮ ਲਈ Drivers and Owner Operators ਚਾਹੀਦੇ ਹਨ।



ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ ਅਤੇ ਬਚਿਆਂ ਨਾਲ ਕੀਮਤੀ ਸਮਾਂ ਬਿਤਾ ਸਕਦੇ ਹੋ।

## ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ




**Fuel and Insurance Paid by Company**
**NO DEDUCTIONS!!**

ਸਾਡੀ ਕੰਪਨੀ
**ਓਨਰ ਓਪਰੇਟਰਾਂ ਨੂੰ**
**ਲੋਕਲ ਅਤੇ ਹਾਈਵੇਅ ਰੂਟਾਂ**
ਵਾਸਤੇ ਹਾਇਰ ਕਰ ਰਹੀ ਹੈ

## ਵਧੇਰੇ ਜਾਣਕਾਰੀ ਲਈ ਸੰਪਰਕ ਕਰੋ

**SUKHBIR SINGH:604-525-0527 Ext 112**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ

**ਸ਼ਨੀਵਾਰ: 604-808-9805**

Email:safety@transourcefreightways.com


fruiticana hee jaana!
Your one and only Surrey owned Punjabi store
ਸਰੀ ਦਾ ਹਰਮਨ ਪਿਆਰਾ ਤੁਹਾਡਾ ਆਪਣਾ ਇਕੋ ਇਕ ਪੰਜਾਬੀ ਸਟੋਰ
LOWEST PRICES IN TOWN
EXTRA EXTRA SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਈਜ਼ ੯
Unbeatable Price
ਅੰਨਬੀਟੇਬਲ ਪ੍ਰਾਇਸ
$4.99 ea.
EXTRA SUPER SUPER SPECIAL
Yellow Onions
50 lbs
ਪੀਲੇ ਗੰਢੇ
YELLOW ONION
$13.98 bag
Russet Potatoes Snoboy
10lbs USA #1
ਆਲੂ ਰਸਟ ਸਨੋਬੁਆਏ
ਯੂ.ਐਸ. #੧
$4.98 bag
EXTRA SUPER SUPER SPECIAL
Fresh Garlic
ਤਾਜ਼ਾ ਲਸਣ
99¢ lb
SUPER SPECIAL
Desi Karela
ਦੇਸੀ ਕਰੇਲਾ
$1.49 lb
BC Gala Apples
ਬੀਸੀ ਗਾਲਾ ਸੇਬ
88¢ lb
Green Elaichi
(Cardamom)
ਹਰੀ ਇਲਾਇਚੀ
$15.97 lb
SUPER SPECIAL
Long English Cucumber
ਲੰਬੇ ਇੰਗਲਿਸ਼ ਖੀਰੇ
2 for $1.50
SUPER SPECIAL
Roma Tomatoes
ਰੋਮਾ ਟਮਾਟਰ
$1.49 lb
Almonds #1
ਬਦਾਮ
$3.98 lb
SUPER SPECIAL
Indian Eggplants
ਦੇਸੀ ਬਤਾਊਂ
$1.29 lb
SUPER SPECIAL
Regular Large Eggplant
ਵੱਡੇ ਬਤਾਊਂ
99¢ ea.
Large Seedless
Oranges
ਵੱਡੇ ਸੰਗਤਰੇ
(ਬਿਨਾ ਬੀਜ ਤੋਂ)
99¢ lb
SUPER SPECIAL
Chickpeas, Chana Dal & Red
Lentil Whole 4 lbs (Indican)
ਚਿੱਟੇ ਛੋਲੇ, ਚਨੇ ਦੀ ਦਾਲ,
ਮਸਰਾਂ ਦੀ ਸਾਬਤ ਦਾਲ (ਇੰਡੀਕੈਨ)
$3.88 bag
Red Onions 25 lbs
ਲਾਲ ਗੰਢੇ
RED ONIONS
$13.99 bag
Red Lentil Split
(Masoor Dal)
ਧੋਤੀ ਮਸਰਾਂ ਦੀ ਦਾਲ
99¢ lb
Red Delicious
Apples USA #1
ਲਾਲ ਸਵਾਦ ਸੇਬ
ਯੂ.ਐਸ. #੧
98¢ lb
Fresh Ginger
ਤਾਜ਼ਾ ਅਦਰਕ
$1.29 lb
Opo Squash
ਓਪੋ ਕੱਦੂ
88¢ lb
Zucchini Squash
ਜ਼ੁਕੀਨੀ ਸਕੁਐਸ਼
88¢ lb
Indican Assam Tea
ਇੰਡੀਕੈਨ ਅਸਾਮ ਚਾਹ
216's
$7.99 box
Thur Dec 08, 2022 - Wed Dec 14, 2022
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9 AM - 8 PM
7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. --------------- 236-317-6272
Surrey ----------- 12990 72nd Ave. ------------ 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. -------------- 604-372-2023
Surrey ----------- 101-7228 192St. ------------ 604-575-3750
New Westminster 101-331 6th St. ------------ 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond-------- 4101 No.5 Rd. ---------------- 604-244-9520